ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

ਜਿਥੇ ਵੈਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਣਾ ਕੀਤੀ ਗਈ



APRIL 1983 ਅਪ੍ਰੈਲ ੧੯੮੩

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਅੰਮ੍ਰਿਤ ਕੀ ਹੈ ? | ,, ,, ,, | ੪ |
| ਬਾਣੀ ਬਿਰਲਉ ਬੀਚਾਰਸੀ | – – – | ੬ |
| ਪੰਜਾਬ ਦੇ ਕਲਚਰ ਬਾਰੇ | ਡਾਕਟਰ ਹਰਜਿੰਦਰ ਸਿੰਘ ਦਿਲਗੀਰ | ੧੧ |
| ਅੰਮ੍ਰਿਤ-ਸ਼ਕਤੀ ਅਤੇ ਸਿੰਘ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੧੪ |
| ਸੂਰਾ ਸੋ ਪਹਿਚਾਨੀਐ (ਕਵਿਤਾ) | ਸ: ਸਰੂਪ ਸਿੰਘ ਜੀ ਦਰਵੇਸ਼ | ੧੫ |
| ਸੰਤ ਕਾ ਮਾਰਗ (੨) | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੬ |
| ਰਹਿਤਨਾਮਿਆਂ ਵਿਚੋਂ ਮਿਲਾਵਟ ਕਢਣ ਦੀ ਲੋੜ | ਭਾਈ ਸਾਹਿਬ ਰਾਮ ਸਿੰਘ ਜੀ | ੨੦ |
| ਪੂਰਨ ਮਨੁਖ–ਖਾਲਸਾ | ਬੀਬੀ ਭੁਪਿੰਦਰ ਕੌਰ ਜੀ | ੨੮ |
| ਸੰਸਾਰ ਭਰ ਵਲੋਂ ਤੰਬਾਕੂ-ਰੋਕੂ ਮੁਹਿੰਮ | ਸ: ਦਿਲਬੀਰ ਸਿੰਘ ਜੀ ਬੇਦੀ | ੩੧ |
| ਗੁਰਸਿਖੀ ਦਾ ਸਿਖਣਾ (ਗਜ਼ਲ) | ਗਿ: ਗੋਪਾਲ ਸਿੰਘ ਮਿਤਰ | ੩੪ |
| ਦਸਮ ਦੁਆਰ–ਗੁਰਮਤਿ | ਸ: ਭਗਤ ਸਿੰਘ ਜੀ ਹੀਰਾ | ੩੫ |
| ਸਿਖਾਂ ਨੂੰ ਕੇਸਾਧਾਰੀ ਹਿੰਦੂ ਕਹਿਣਾ ਸ਼ਰਾਰਤ | ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੪੦ |
| ਪੰਥਕ ਖਬਰਾਂ–ਅਖਬਾਰਾਂ ਦੀ ਜ਼ਬਾਨੀ | | ੪੧ |


## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਸੂਰਤ ਸਿੰਘ ਜੀ ਪੂਰਨ ਬੀਬੀ ਭੁਪਿੰਦਰ ਕੌਰ ਅੰਮ੍ਰਿਤਸਰ | ਫਰੀਦਾਬਾਦ ਵਿਖੇ ਬਚਿਆਂ ਦੀ ਬਰਸੀ ਦੇ ਸਮਾਗਮ ਦਾ ਚੜ੍ਹਾਵਾ | ੬੪੭-੦੦ / ੧੫੦-੦੦ |
| ਡਾ: ਹਰਬੰਸ ਸਿੰਘ ਜੀ ਅੰਮ੍ਰਿਤਸਰ | ਪੂਰਨ ਜੀ ਦੇ ਬੱਚਿਆਂ ਦੀ ਬਰਸੀ ਸਮੇਂ | ੧੦੧-੦੦ |
| ਸ: ਪ੍ਰਿਤਪਾਲ ਸਿੰਘ ਬੰਬਈ | ,, ,, ,, ,, | ੧੦੧-੦੦ |
| ਸ: ਮਨੋਹਰ ਸਿੰਘ ਜੀ ਕਰਨਾਲ | ,, ,, ,, ,, | ੧੦੧-੦੦ |
| ਭਾ: ਮਾਨ ਸਿੰਘ ਜੀ ਧਨਬਾਦ | ,, ,, ,, ,, | ੧੦੧-੦੦ |
| ਸ: ਅਜੀਤ ਸਿੰਘ ਠੱਠਗੜ੍ਹ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੮੦ |
| ਮਾ. ਨਿਰੰਜਨ ਸਿੰਘ ਗੁਰਦਾਸਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੧੮-੦੦ |
| ਸ. ਪ੍ਰਿਥੀਪਾਲ ਸਿੰਘ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੫੩-੦੦ |
| ਸ. ਗੁਰਨਾਮ ਸਿੰਘ ਰੈਡਿੰਗ ਯੂ. ਕੇ, | ਪਰਵਾਰ ਦੀ ਚੜ੍ਹਦੀ ਕਲਾ ਲਈ | ੨੭੩-੬੦ |
| ਸ. ਗੁਰਬਖਸ਼ ਸਿੰਘ ਸਿਵੀਆ ਯੂ. ਕੇ. | ਕਾਕਾ ਦਵਿੰਦਰ ਸਿੰਘ ਨੂੰ ਵਜ਼ੀਫਾ ਲਗਣ ਦੀ ਖੁਸ਼ੀ ਵਿਚ | ੩੨-੦੦ |
| ਸ. ਦਵਿੰਦਰ ਸਿੰਘ ਚੰਡੀਗੜ੍ਹ | ਸੂਰਾ ਦੀ ਚੜ੍ਹਦੀ ਕਲਾ ਲਈ | ੨੧-੦੦ |
| ਸਾਰਜੈਂਟ ਅਮਰਜੀਤ ਸਿੰਘ ਕਾਨਪੁਰ | ਖੁਲ੍ਹੇ ਦਾੜ੍ਹੇ ਸਹਿਤ ਸਰਵਸ ਪੂਰੀ ਕਰਕੇ ਰੀਟਾਇਰ ਹੋਣ ਦੀ ਖੁਸ਼ੀ ਵਿਚ | ੩੧-੦੦ |
| ਸ. ਅਨੂਪ ਸਿੰਘ ਫਤਹਿਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਮੇਜਰ ਹਜ਼ਾਰਾ ਸਿੰਘ ਮੁਰਿੰਡਾ | ਸੂਰਾ ਦੀ ਚੜ੍ਹਦੀ ਕਲਾ ਲਈ | ੫-੦੦ |

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੪-੮੩ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੨੫ |
| **ਪਰਦੇਸ** | |
| ਸਮੁੰਦਰੀ ਡਾਕ | ੩੦-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੪੫-੦੦ |
| ਯੂ. ਕੇ., ਅਫਰੀਕਾ | ੬੦-੦੦ |
| ਕੈਨੇਡਾ, ਅਮਰੀਕਾ | ੭੦-੦੦ |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |
| ਪਰਦੇਸ | ੩੦੦-੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੬੫੦-੦੦ |
| ਕੈਨੇਡਾ, ਅਮਰੀਕਾ | ੭੦੦-੦੦ |
| ਅਰਬ ਮਲਾਇਆ | ੫੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੭ ਅਪ੍ਰੈਲ ੧੯੮੩ ਅੰਕ ੪

## ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ

ਕੇਵਲ ਦੇਹੋਂ ਬਿਦੇਹ ਹੋ ਕੇ ਸੀਸ ਤਲੀ ਤੇ ਰਖਣ ਵਾਲੇ, ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ, ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉ ਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ ।

ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਬੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚ ਇਸਥਿਤ ਬਿਠਾਈ ਰਖਿਆ ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰਖਿਆ ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ 'ਸੀ' ਤਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿਤਾ ? ਇਹ ਕੇਵਲ ਓਹੋ ਪੱਕ ਚੁਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ । ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ-ਮੌਜ ਹੈ । ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਵਿਚਾਰ" ਵਿਚੋਂ

www.AKJ.Org

# ਅੰਮ੍ਰਿਤ ਕੀ ਹੈ ?

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਟ੍ਰੈਕਟ "ਅੰਮ੍ਰਿਤ ਕੀ ਹੈ ?" ਵਿਚੋਂ ਕੁਝ ਹਿੱਸਾ ਹੇਠਾਂ ਦਿਤਾ ਜਾ ਰਿਹਾ ਹੈ । ਪੂਰਾ ਅਨੰਦ ਮਾਣਨ ਲਈ ਸਾਰਾ ਟ੍ਰੈਕਟ ਪੜ੍ਹੋ ਜੀ ।
—ਸੰਪਾਦਕ

**ਪੰਜਾਂ ਪਿਆਰਿਆਂ ਦੀ ਚੋਣ—**

ਪੰਜਾਂ ਪਿਆਰਿਆਂ ਪਰ ਇਤਰਾਜ਼ ਕਰਨਾ ਨਹੀਂ ਹੈ, ਸਗੋਂ ਸਵਾਲ ਉਨ੍ਹਾ ਦੀ ਚੋਣ ਦਾ ਹੈ । ਸਪਸ਼ਟ ਹੈ ਕਿ 'ਗੁਰਮਤਿ ਦਾ ਬੀਜ ਕੱਲਰ ਵਿਚ ਨਹੀਂ ਉਗ ਸਕਦਾ ।' ਇਹ ਤਾਂ ਮੋਟੀ ਸਮਝ ਵਾਲੇ ਵੀ ਜਾਣਦੇ ਹਨ ਕਿ ਆਮ ਖੇਤੀ ਬੀਜਣ ਵਾਲੇ ਜ਼ਿਮੀਦਾਰ, ਅਨਜਾਣ ਹਾਲੀ ਨੂੰ ਹੱਲ ਬੀਜ ਦੇ ਕੇ ਨਹੀਂ ਤੋਰਦੇ, ਕਿਉਂਕਿ ਜੋ ਬੀਜ ਕੇਰਨ ਨਹੀਂ ਜਾਣਦਾ, ਜ਼ਮੀਨ ਦਾ ਵੱਤਰ ਨਹੀਂ ਪਹਿਚਾਣ ਸਕਦਾ, ਬੀਜ ਤਾਂ ਸੁੱਕੀ ਜਾਂ ਬਾਹਲੀ ਗਿੱਲੀ ਧਰਤੀ ਵਿਚ ਕੇਰ ਆਵੇਗਾ, ਸਿੱਟਾ ਇਹ ਨਿਕਲੂ ਕਿ ਬੀਜ ਉਗੇਗਾ ਨਹੀਂ । ਸਿਉਂਕ ਖਾ ਜਾਊ; ਚਿੜੀਆਂ ਚੁਗ ਜਾਣਗੀਆਂ, ਕੱਲਰ ਵਿਚ ਦਬਿਆ ਰਹੂ; ਮੀਂਹ ਪਏ ਤੋਂ ਕੁਰੁੱਤਾ, ਪਿਛੇਤਰਾ ਉੱਗੂ, ਫਲ ਕੋਈ ਨਾ ਲਗੂ; ਸਿੱਟਾ ਕੱਢੂ, ਪਰ ਦਾਣੇ ਨਹੀਂ ਪੈਣਗੇ, ਹਾਂ ਚਾਰਾ ਕਾਫ਼ੀ ਹੋ ਜਾਊ ।

ਗੁਰੂ ਪੰਥ ਵਿਚ ਵੀ ਚੰਗੇ ਤੋਂ ਚੰਗੇ ਸੰਤ ਗੁਰਮੁਖ ਸਿੰਘ ਮੌਜੂਦ ਹਨ, ਪਰ ਅੱਜ ਕਲ੍ਹ ਪਛਮੀ ਫ਼ਿਲਾਸਫ਼ੀ, ਸਾਇੰਸ ਦੇ ਪੱਟੇ ਹੋਏ ਗੁਰਮਤਿ ਅਗਿਆਨੀ, ਭਾਵ ਸਰਟੀਫਾਈਡ ਗਿਆਨੀ, ਨਾਮ ਜਪਣ ਅਤੇ ਨਾਮ ਦੀ ਸ਼ਕਤੀ ਨੂੰ ਨਹੀਂ ਮੰਨਦੇ । ਧਨਾਢ ਸਿਖਾਂ ਦਾ ਜ਼ੋਰ ਹੈ, ਉਹੋ ਹੀ ਜ਼ਿਆਦਾ ਅੰਗਰੇਜ਼ੀ ਪੜ੍ਹੇ ਲਿਖੇ ਹਨ । ਪਹਿਲਾਂ ਤਾਂ ਅੰਮ੍ਰਿਤ-ਅਭਿਲਾਖੀ ਹੀ ਅੰਮ੍ਰਿਤ ਦੇ ਵਪਾਰੀ ਨਹੀਂ ਹੁੰਦੇ, ਜੇ ਕੋਈ ਹੋਵੇ ਵੀ ਤਾਂ ਉਸ ਦੀ ਸ਼ਰਧਾ ਨੂੰ ਭਾਵੇਂ ਫਲ ਲਗ ਪਏ । ਅਜਿਹੇ ਸਜਣਾਂ ਵਿਚੋਂ ਬਣੇ ਪੰਜ ਪਿਆਰੇ ਗੁਰਮੰਤਰ ਭਾਵੇਂ ਦਸ ਤਾਂ ਦੇਂਦੇ ਹਨ, ਪਰ ਦ੍ਰਿੜ੍ਹ ਨਹੀਂ ਕਰਾਉਂਦੇ, ਕਿਉਂਕਿ ਉਹ ਆਪ ਨਾਮ-ਅਭਿਆਸੀ ਨਾ ਹੋਣ ਦੇ ਕਾਰਨ, ਨਾਮ ਬੀਜਣ ਜੋਗੇ ਨਹੀਂ ਹੁੰਦੇ । ਪਹਿਲਾਂ ਤਾਂ ਅੰਮ੍ਰਿਤ-ਅਭਿਲਾਖੀ ਹੀ ਕਿਸੇ ਲਾਲਚ ਜਾਂ ਸੁਆਰਥ ਹਿਤ ਅੰਮ੍ਰਿਤ ਛਕਦੇ ਹਨ, ਉਨ੍ਹਾਂ ਦਾ ਸੁਆਰਥ ਸਿਧ ਹੋ ਜਾਂਦਾ ਹੈ । ਪੰਜ ਪਿਆਰੇ ਬਣਨ ਵਾਲੇ ਸਜਣ ਅਕਾਲੀ ਸ਼ਕਤੀਆਂ ਤੋਂ ਸਖਣੇ ਹੋਣ ਕਰਕੇ ਅੰਮ੍ਰਿਤ-ਅਧਿਕਾਰੀ ਦੀ ਪਰਖ ਨਹੀਂ ਕਰ ਸਕਦੇ । ਅੰਮ੍ਰਿਤ-ਅਭਿਲਾਖੀ ਮੁਖੋਂ ਪ੍ਰੇਮ-ਵੱਸ ਹੋਣ ਦੀਆਂ ਚਿਕਣੀਆਂ ਚੋਪੜੀਆਂ ਗੱਲਾਂ, ਮੌਕੇ ਸਿਰ ਫ਼ਿਲਾਸਫ਼ੀ ਦੁਆਰਾ ਘੜ ਘੜ ਉੱਤਰ ਦੇਈ ਜਾਂਦੇ ਹਨ ਅਤੇ ਗੁਰੂ ਪੰਥ ਦੇ ਗਿਆਨੀ ਉਪਦੇਸ਼ਕ ਮਾਇਆ-ਵੱਸ ਹੋ ਕੇ, ਜਾਂ ਨਾਮਵਰੀ, ਸ਼ਾਬਾਸ਼ ਖੱਟਣ ਵਾਸਤੇ ਜਿੰਨੇ ਅੰਮ੍ਰਿਤ ਛਕਣ ਵਾਲੇ ਤਿਆਰ ਹੋ ਖੜਨ, ਅੰਮ੍ਰਿਤ ਛਕਾ ਦਿੰਦੇ ਹਨ ।

ਗੁਰੂ ਸਾਹਿਬਾਨ ਨੇ ਤਾਂ ਅੰਮ੍ਰਿਤ ਪਰਖ ਕੇ ਅਤੇ ਸੀਸ ਤਲੀ ਉਤੇ ਧਰ ਕੇ ਆਉਣ ਵਾਲਿਆਂ ਨੂੰ ਹੀ ਛਕਾਇਆ ਸੀ । ਅੱਜ ਕਲ੍ਹ ਦੇ ਅੰਮ੍ਰਿਤ-ਅਭਿਲਾਖੀ, ਪੜ੍ਹਿਆਂ ਲਿਖਿਆਂ ਲੀਡਰਾਂ ਆਦਿ ਤੋਂ ਅੰਮ੍ਰਿਤ ਛਕਣਾ ਪਸੰਦ ਕਰਦੇ ਹਨ, ਕਿਉਂਕਿ ਉਨ੍ਹਾਂ ਦੀ ਤਸੱਲੀ ਗੱਲੀਂ ਬਾਤੀਂ ਹੋ ਜਾਂਦੀ ਹੈ । ਨਾਮ ਅਭਿਆਸੀ, ਰਿਧੀ ਸਿਧੀ ਸ਼ਕਤੀਆਂ ਨੂੰ ਗੁਰਮਤਿ ਵਿਰੁਧ ਸਮਝ ਕੇ ਨਹੀਂ ਵਰਤਦੇ । ਇਹੀ ਕਾਰਨ ਹੈ ਕਿ ਅੱਜ ਕਲ੍ਹ ਦੇ ਪੜ੍ਹੇ ਲਿਖੇ ਸਿਖ ਨੌਜਵਾਨ ਅਨਮਤੀ ਸਾਧਾਂ, ਫਕੀਰਾਂ, ਆਪੇ ਬਣੇ ਗੁਰੂਆਂ ਮਗਰ ਭਜੇ ਫਿਰਦੇ ਹਨ । ਗੁਰਮਤਿ ਅਗਿਆਨੀ, ਪੜ੍ਹੇ ਲਿਖੇ ਭਾਈਆਂ ਨੂੰ ਰਿਧੀ ਸਿਧੀ ਸ਼ਕਤੀਆਂ ਵਿਖਾ ਕੇ ਅਤੇ ਗੁਰਵਾਕਾਂ ਦੇ ਮਨ-ਘੜਤ ਅਰਥ ਲਾ ਕੇ ਚੇਲੇ ਮੁੰਨ ਲੈਂਦੇ ਹਨ, ਕਿਉਂਕਿ ਸਾਡੇ ਲਿਖੇ ਪੜ੍ਹੇ ਪ੍ਰਚਾਰਕ ਗੁਰਮਤਿ ਫ਼ਿਲਾਸਫ਼ੀ ਤੋਂ ਨਾਵਾਕਫ਼ ਹਨ ।



www.AKJ.Org

## ਅੰਮ੍ਰਿਤ ਛਕਾਉਣ ਦੀ ਗੁਰਮਤਿ ਵਿਧੀ–

ਗੁਰਮਤਿ ਅੰਮ੍ਰਿਤ ਛਕਾਉਣ ਵਾਸਤੇ ਹੇਠ ਲਿਖੇ ਸਾਮਾਨ ਅਤੇ ਸਾਧਨ ਵਰਤੇ ਜਾਂਦੇ ਹਨ :–

(੧) ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਘਟੋ ਘਟ ਛੇ ਗੁਰਮੁਖ ਸਿੰਘਾਂ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦਾ ਨਾਮ-ਅਭਿਆਸੀ, ਨਾਮ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ, ਨਿਤਨੇਮੀ ਅਤੇ ਗੁਰਮਤਿ ਰਹਿਤ ਵਿਚ ਪੱਕੇ ਹੋਣਾ ਜ਼ਰੂਰੀ ਹੈ। ਉਨ੍ਹਾਂ ਵਿਚੋਂ ਕੋਈ ਇਕ ਵੀ ਕੁਰਹਿਤੀਆ ਨਾ ਹੋਵੇ। ਐਥੋਂ ਤਕ ਕਿ ਅੰਗ-ਹੀਣ ਵੀ ਨਾ ਹੋਵੇ।

(੨) ਭਾਵੇਂ ਉਨ੍ਹਾਂ ਛੇ ਗੁਰਮੁਖ ਸਿੰਘਾਂ ਨੂੰ ਸੰਗਤ ਚੁਣਦੀ ਹੈ, ਫੇਰ ਵੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪਹਿਲਾਂ ਗ੍ਰੰਥੀ ਦੀ ਸੁਧਾਈ ਹੋ ਕੇ ਪੰਜਾਂ ਪਿਆਰਿਆਂ ਦੀ ਸੋਧ ਸੁਧਾਈ ਕੀਤੀ ਜਾਂਦੀ ਹੈ। ਭਾਵ, ਤਾਰਾਂ ਪਲੱਗਾਂ ਵਾਂਗੂ ਚੰਗੇ ਅਤੇ ਖ਼ਰਾਬ ਮਸਾਲੇ ਦੀ ਪਰਖ ਕੀਤੀ ਜਾਂਦੀ ਹੈ, ਜੇ ਕੁਰਹਿਤੀਆ (ਨਿਕੰਮਾ) ਨਾ ਹੋਵੇ ਤਾਂ ਅਰਦਾਸਾ ਸੋਧ ਕੇ ਸੁਧ (ਮੁਰੰਮਤ) ਕੀਤਾ ਜਾਂਦਾ ਹੈ।

(੩) ਪਿਛੋਂ ਅੰਮ੍ਰਿਤ-ਅਭਿਲਾਖੀਆਂ (ਬਲਬਾਂ) ਦੀ ਪਰਖ ਕੀਤੀ ਜਾਂਦੀ ਹੈ, ਜੋ ਕਿ ਬਿਜਲੀ ਦੇ ਬਲਬਾਂ ਵਾਂਗੂ ਇਕੱਲੇ ਇਕੱਲੇ ਹੀ ਪੇਸ਼ ਕਰ ਕੇ ਕਰਨੀ ਚਾਹੀਦੀ ਹੈ। ਕੱਚੇ ਅੰਮ੍ਰਿਤ-ਅਭਿਲਾਖੀਆਂ (ਨਿਕੰਮੇ ਬਲਬਾਂ) ਅਤੇ ਸੱਚੇ ਅੰਮ੍ਰਿਤ-ਅਭਿਲਾਖੀਆਂ ਦੀ ਛਾਂਟ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਕਿ ਬਲਬ ਖ਼ਰੀਦਣ ਵਾਲੇ ਬਲਬ ਮਚਾ ਕੇ ਪਰਖ ਕਰ ਕੇ ਹੀ ਖ਼ਰੀਦਦੇ ਹਨ, ਤਿਵੇਂ ਹੀ ਪੰਜ ਪਿਆਰੇ ਅੰਮ੍ਰਿਤ ਦੇ ਸੱਚੇ ਗਾਹਕਾਂ ਨੂੰ ਛਾਂਟਦੇ ਹਨ।

(੪) ਸੱਚੇ ਗਾਹਕਾਂ ਦੀ ਛਾਂਟ ਕਰ ਕੇ, ਸਾਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਖੜੇ ਕਰ ਕੇ ਗੁਰਮਤਿ ਰਹਿਤ ਅਤੇ ਕੁਰਹਿਤ ਦਸਦੇ ਹਨ। ਭਾਵ, ਗੁਰਸਿਖੀ ਧਾਰਨ ਕਰਨ ਵਾਲਿਆਂ ਨੂੰ ਸਿਰ ਪੈਣ ਵਾਲੀਆਂ ਔਕੜਾਂ ਅਤੇ ਦੁਖੜਿਆਂ ਤੋਂ ਜਾਣੂ ਕਰਾਉਂਦੇ ਹੋਏ, ਸਾਰੇ ਅੰਮ੍ਰਿਤ-ਅਭਿਲਾਖੀਆਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕਰਾਰ ਕਰਾਉਂਦੇ ਹਨ ਕਿ ਅਸੀਂ ਸਾਰੇ ਹੀ–

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥(੧੪੧੨)

"ਸਿਰੁ ਧਰਿ ਤਲੀ ਗਲੀ ਮੇਰੀ ਆਉ" ਸਾਰਖੇ ਹੁਕਮਾਂ ਨੂੰ ਮੰਨਾਂਗੇ, ਪਰ ਸਾਨੂੰ ਅੰਮ੍ਰਿਤ ਛਕਾਇਆ ਜਾਵੇ। ਜੋ ਇਹ ਇਕਰਾਰ ਨਾ ਦੇਣਾ ਚਾਹੇ, ਉਸ ਨੂੰ ਉਦੋਂ ਹੀ ਬਾਹਰ ਕੀਤਾ ਜਾਂਦਾ ਹੈ। ਭਾਵ, ਉਹ ਕੱਚਾ ਅੰਮ੍ਰਿਤ-ਅਭਿਲਾਖੀ ਸਮਝ ਕੇ ਕਢ ਦਿਤਾ ਜਾਂਦਾ ਹੈ।

(੫) ਗੁਰੂ ਗੋਬਿੰਦ ਸਿੰਘ ਸਾਹਿਬ ਦੀ ਦਸੀ ਗੁਰਮਤਿ ਅਨੁਸਾਰ ਇਕ ਸਰਬ-ਲੋਹ ਦਾ ਬਾਟਾ, ਇਕ ਖੰਡਾ, ਪਵਿਤਰ ਜਲ ਅਤੇ ਪਤਾਸੇ ਲਿਆਂਦੇ ਜਾਂਦੇ ਹਨ।

(੬) ਪੰਜੇ ਪਿਆਰੇ, ਗ੍ਰੰਥੀ ਸਾਹਿਬ ਅਤੇ ਅੰਮ੍ਰਿਤ-ਅਭਿਲਾਖੀ ਪਹਿਲਾਂ ਹੀ ਸਕੇਸ਼ ਇਸ਼ਨਾਨ ਕਰ ਕੇ ਆਉਂਦੇ ਹਨ। ਪੰਜੇ ਕਕਾਰ ਅੰਮ੍ਰਿਤ-ਅਭਿਲਾਖੀਆਂ ਨੂੰ ਸਜਵਾ ਕੇ ਅੰਮ੍ਰਿਤ-ਸੰਸਕਾਰ ਦੇ ਨਿਰਵਿਘਨ ਸਮਾਪਤ ਹੋਣ ਵਾਸਤੇ ਅਤੇ ਅੰਮ੍ਰਿਤ-ਅਭਿਲਾਖੀਆਂ ਦੇ ਪਿਛਲੇ ਗੁਨਾਹਾਂ ਨੂੰ ਬਖ਼ਸ਼ ਕੇ ਅਗੇ ਨੂੰ ਸਿੱਧੇ ਮਾਰਗ ਉਤੇ ਚਲਾਉਣ ਵਿਚ ਸਹਾਇਤਾ ਕਰਨ ਹਿਤ, ਇਕਾਗਰ-ਚਿਤ ਹੋ ਕੇ ਅਰਦਾਸਾ ਸੋਧ ਕੇ ਸਰਬ-ਲੋਹ ਦੇ ਬਾਟੇ ਵਿਚ ਜਲ ਅਤੇ ਪਤਾਸੇ ਪਾ ਕੇ, ਬੀਰ-ਆਸਣ ਬੈਠ ਆਪੋ ਆਪਣੇ ਦੋਵੇਂ ਹੱਥ ਬਾਟੇ ਨੂੰ ਪਾਈ ਰਖਦੇ ਹਨ, ਜੋ ਕਿ (Positive Negative) ਦੋਹਾਂ ਕਿਸਮਾਂ ਦੀਆਂ ਤਾਰਾਂ ਦਾ ਕੰਮ ਦਿੰਦੇ ਹਨ।

(੭) ਪੰਜਾਂ ਗੁਰਬਾਣੀਆਂ ਦਾ ਪਾਠ ਪੰਜੇ ਪਿਆਰੇ ਇਕ ਇਕ ਬਾਣੀ ਦਾ ਪਾਠ ਵਾਰੀ ਸਿਰ ਕਰਦੇ ਹਨ। ਸਾਥ ਹੀ ਆਪੋ ਆਪਣੇ ਸੱਜੇ ਹੱਥ ਨਾਲ ਗੁਰਬਾਣੀ ਪੜ੍ਹਨ ਵਾਲਾ, ਖੰਡੇ ਨੂੰ ਬਾਟੇ ਵਿਚ ਰਗੜਵਾਂ ਚਲਾਈ ਜਾਂਦਾ ਹੈ, ਜਿਸ ਰਗੜ ਨਾਲ ਬਿਜਲੀ ਪੈਦਾ ਹੁੰਦੀ ਹੈ, ਜੋ ਕਿ ਜਲ ਵਿਚਦੀ ਹੁੰਦੀ ਹੋਈ ਬਾਟੇ ਨੂੰ



www.AKJ.Org

ਲਾਈਆਂ ਤਾਰਾਂ (ਪੰਜ ਪਿਆਰਿਆਂ ਦੇ ਹੱਥਾਂ) ਦੁਆਰਾ ਪੰਜਾਂ ਹੀ ਸਿੰਘਾਂ ਦੇ ਹਿਰਦੇ ਵਿਚ ਪੁਜਦੀ ਹੋਈ, ਦੱਸਾਂ ਹੀ ਅੱਖਾਂ ਵਿਚਦੀ ਜਲ ਉਤੇ ਨਿਗਾਹ ਜਮਾਉਣ ਕਰਕੇ ਬਾਟੇ ਵਿਚ ਮੈਸਮਰੇਜ਼ਮੀ ਤਾਕਤ ਭਰਦੀ ਹੈ। ਸਾਥ ਹੀ ਹਰ ਇਕ ਪਿਆਰੇ ਦਾ ਸੱਜਾ ਹੱਥ ਸੁਇਚ ਬਣ ਕੇ ਬਿਜਲੀ ਦੀ ਲਹਿਰ ਨੂੰ ਪੰਜਾਂ ਹੀ ਹਿਰਦਿਆਂ ਤਕ ਪਹੁੰਚਾਉਣ ਦਾ ਕੰਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜਾਂ ਹੀ ਪਿਆਰਿਆਂ ਦੀ ਗੁਰ-ਸ਼ਕਤੀ ਸਾਂਝੀ ਹੋ ਕੇ ਅੰਮ੍ਰਿਤ-ਸ਼ਕਤੀ ਅਤੇ ਅੰਮ੍ਰਿਤ-ਭੰਡਾਰ ਨੂੰ ਪੂਰਨ ਕਰਦੀ ਹੈ।

ਪੰਜਾਂ ਹੀ ਨਿਤਨੇਮ ਵਾਲੀਆਂ ਬਾਣੀਆਂ ਦਾ ਪਾਠ ਕਰ ਕੇ, ਫਿਰ ਪੰਜੇ ਪਿਆਰੇ ਬਾਟਾ ਹੱਥ ਵਿਚ ਲੈ ਕੇ ਖੜੇ ਹੋ ਕੇ ਅਰਦਾਸਾ ਸੋਧ ਕੇ, ਅੰਮ੍ਰਿਤ-ਅਭਿਲਾਖੀਆਂ ਨੂੰ ਇਕ ਸਿਰੇ ਤੋਂ ਵਾਰੀ ਵਾਰੀ ਅੰਮ੍ਰਿਤ ਛਕਾਉਂਦੇ ਹਨ। ਪੰਜੇ ਪਿਆਰੇ ਵਾਰੀ ਵਾਰੀ ਹਰ ਇਕ ਅੰਮ੍ਰਿਤ-ਅਭਿਲਾਖੀ ਉਤੇ ਆਪੋ ਆਪਣੀਆਂ ਅੱਖਾਂ ਦੁਆਰਾ ਮੈਸਮੀਰੇਜ਼ਮੀ ਅਸਰ ਪਾਉਂਦੇ ਅਤੇ ਪਰਖਦੇ ਹਨ ਕਿ ਉਸ ਤੇ ਸਾਡਾ ਅਸਰ ਪਿਆ ਹੈ ਕਿ ਨਹੀਂ, ਅਤੇ ਸਾਥ ਹੀ (ਗੁਰਮਤਿ ਨਾਮ) ਗੁਰਮੰਤਰ ਦ੍ਰਿੜਾਈ ਜਾਂਦੇ ਹਨ । ਅੰਮ੍ਰਿਤ-ਅਭਿਲਾਖੀ ਸਜਣਾਂ ਦੀ ਅੰਮ੍ਰਿਤ-ਪਾਤਰਤਾ ਅਤੇ ਭਾਵਨਾ ਅਨੁਸਾਰ ਨਾਮ-ਰੰਗ ਚੜ੍ਹਦਾ ਹੈ।

ਅੰਮ੍ਰਿਤ-ਅਭਿਲਾਖੀ ਨੂੰ ਅੰਮ੍ਰਿਤ ਛਕਾਉਣ ਸਮੇਂ ਅੱਖਾਂ ਖੁਲ੍ਹੀਆਂ ਰਖਾ ਕੇ, ਨਾਮ ਦ੍ਰਿੜ੍ਹ ਕਰਾਉਣ ਲਈ ਅੱਖਾਂ ਵਿਚ ਛਿੱਟੇ ਮਰਵਾਣੇ ਪੈਂਦੇ ਹਨ। ਜਿਸ ਅੰਮ੍ਰਿਤ-ਅਭਿਲਾਖੀ ਉਤੇ ਅੱਖਾਂ ਦੁਆਰਾ ਮੈਸਮਰੇਜ਼ਮੀ ਅਸਰ ਪੈ ਜਾਂਦਾ ਹੈ, ਉਹ ਅੱਖਾਂ ਬੰਦ ਨਹੀਂ ਕਰ ਸਕਦਾ, ਕਿਉਂਕਿ ਨਾਮ ਦ੍ਰਿੜ੍ਹਾਉਣ ਵਾਲੇ ਪੰਜ ਪਿਆਰੇ ਉਸ ਉਤੇ ਵਾਰੀ ਵਾਰੀ ਆਪੋ ਆਪਣੀਆਂ ਅੱਖਾਂ ਦੁਆਰਾ ਮੈਸਮੀਰੇਜ਼ਮੀ ਤਾਕਤ ਵਰਤਦੇ ਹਨ, ਤਾਂਕਿ ਉਹ ਛਿੱਟੇ ਮਾਰਨ ਸਮੇਂ ਅੱਖਾਂ ਖੁਲ੍ਹੀਆਂ ਰਖ ਸਕੇ। ਜਦ ਅੱਖਾਂ ਖੁਲ੍ਹੀਆਂ ਰਹੀਆਂ ਤਾਂ ਪਰਖ ਹੋ ਗਈ ਕਿ ਇਸ ਦੇ ਨਾਮ ਦ੍ਰਿੜ੍ਹ ਹੋ ਗਿਆ, ਸਰੀਰਕ ਦੁਖ ਸੁਖ ਦੀ ਹੋਸ਼ ਭੁਲ ਗਈ ਜਾਂ ਸੁਰਤੀ ਨਾਮ-ਸਿਮਰਨ ਵਿਚ ਲਗ ਗਈ। ਕਈ ਤਾਂ ਗੁਰਮੰਤਰ ਲੈਂਦੇ ਸਾਰ ਹੀ ਬੇਸੁਧ ਹੋ ਜਾਂਦੇ ਹਨ ਅਤੇ ਖੜਨ ਦੀ ਥਾਉਂ ਡਿਗ ਪੈਂਦੇ ਹਨ ਅਤੇ ਕਈ ਆਪਣੇ ਆਪ ਦੀ ਸੁਧ ਭੁਲ ਕੇ ਜੋ ਹੁਕਮ ਹੋਵੇ, ਕਰੀ ਜਾਂਦੇ ਹਨ।

**ਗੁਰਮਤਿ ਵਿਚ ਅੰਮ੍ਰਿਤ ਦਾ ਨਿਰਣਾ ਇਉਂ ਕੀਤਾ ਹੈ:—**

—ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥੬॥੧੮॥ (੨੮੭)
—ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥੧॥੪॥ (੧੨੩੮)
—ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥੪॥ (੬੪੪)

ਪਹਿਲੇ ਗੁਰਵਾਕ ਤੋਂ ਸਿਧ ਹੈ ਕਿ ਅੰਮ੍ਰਿਤ ਜੋ ਪੀਵੇ, ਅਮਰ ਹੋ ਜਾਂਦਾ ਹੈ। ਦੂਜਾ ਗੁਰਵਾਕ ਦਸਦਾ ਹੈ ਕਿ ਅੰਮ੍ਰਿਤ ਇਕ ਹੀ ਹੈ, ਦੂਜਾ ਅੰਮ੍ਰਿਤ ਹੈ ਹੀ ਨਹੀਂ। ਤੀਜੇ ਗੁਰਵਾਕ ਤੋਂ ਪਤਾ ਲਗਦਾ ਹੈ ਕਿ ਅੰਮ੍ਰਿਤ ਇਕੋ ਸ਼ਬਦ ਹੈ। ਸੋ ਅੰਮ੍ਰਿਤ ਕੀ ਹੈ ?—

—ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥੨॥੧੫॥ (੫੫੪)
—ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥੧॥੧੨॥ (੯੬੩)
—ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥੧॥੧੧॥ (੧੨੮੩)
—ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰਧਾਰਿ ॥੧॥੪॥ (੧੩੧੪)
—ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥੫॥੯॥ (੧੩੧੬)
—ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥੩॥ (੩੧੮)

ਅੰਮ੍ਰਿਤ-ਨਾਮ ਕਿਥੇ ਹੁੰਦਾ ਹੈ ? ਅਤੇ ਕਿਸ ਭਾਉ ਲਭਦਾ ਹੈ ?—

—ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥



www.AKJ.Org

ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥੧॥੪॥ (੧੨੩੮)

–ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਗਾਵਹਿ ਰਸੁ ਬੀਚਾਰੇ ॥
ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨਿਆ ਓਇ ਪਾਵਹਿ ਮੋਖ ਦੁਆਰੇ ॥੨॥੩॥ (੧੧੯੯)

–ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥੨॥ (੧੩੨੩)

–ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥੨੭॥(੭੪੨)

–ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥੧੭॥.(੧੦੯੨)

–ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ ਪਿਆਈ ॥੯॥ (੯੫੧)

–ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ॥੯॥(੫੯੮)

ਅੰਮ੍ਰਿਤ-ਨਾਮ ਘਰ ਵਿਚ ਘਟ ਅੰਦਰ ਹੀ ਹੁੰਦਾ ਹੈ, ਪਰ ਗੁਰਪ੍ਰਸਾਦੀ ਗੁਰੂ ਦੀ ਕਿਰਪਾ ਦੁਆਰਾ ਹੀ ਮਿਲਦਾ ਹੈ, ਜਾਂ ਗੁਰਮਤੀ ਰੱਜ ਕੇ ਖਾਧਾ ਜਾਂਦਾ ਹੈ, ਕਿਸੇ ਹੱਟੀ ਉਤੋਂ ਜਾਂ ਕਿਸੇ ਦੁਨਿਆਵੀ ਵਾਪਾਰੀ ਤੋਂ ਕਿਸੇ ਕੀਮਤ ਉਤੇ ਨਹੀਂ ਲਭ ਸਕਦਾ। ਇਸ ਦੇ ਮਾਲਕ ਸੱਚੇ ਪਾਤਸ਼ਾਹ ਗੁਰੂ ਸਾਹਿਬ ਹੀ ਹਨ ਤੇ ਉਹਨਾਂ ਤੋਂ ਹੀ ਮਿਲ ਸਕਦਾ ਹੈ।

## ਅੰਮ੍ਰਿਤ ਰਸ ਕੀ ਹੈ ?

ਲੱਕੜ ਪੱਥਰ ਲੋਹੇ ਆਦਿਕ ਵਸਤਾਂ ਵਿਚ ਅੱਗ ਦਿਸਦੀ ਨਹੀਂ, ਪਰ ਹੁੰਦੀ ਹੈ ਅਤੇ ਖ਼ਾਸ ਤਰੀਕੇ ਨਾਲ ਮੱਥ ਕੇ (ਰਗੜ-ਕੇ) ਲਕੜੀ ਲੋਹੇ ਪੱਥਰ ਵਿਚੋਂ ਅੱਗ ਕਢ ਕੇ ਵਰਤੀ ਜਾਂਦੀ ਹੈ। ਤਿਵੇਂ ਹੀ 'ਰਸ' ਘਟ (ਸਰੀਰ) ਅੰਦਰ ਲੁਪਤ ਹੈ, ਜੋ ਗੁਰਮਤਿ ਵਿਧੀ ਅਨੁਸਾਰ ਕਢਿਆਂ ਨਿਕਲ ਪੈਂਦਾ ਹੈ ਅਤੇ ਉਸ ਦੀ ਮਿਠਾਸ, ਸੀਤਲਤਾ ਸੁਗੰਧ ਆਦਿਕ ਗੁਣ ਦੁਨਿਆਵੀ ਸੁਰਤੀ ਵਿਚ ਹੀ, ਭਾਵ ਜਾਗਦੇ ਸਾਵਧਾਨਤਾ ਦਸ਼ਾ ਵਿਚ ਹੀ ਪ੍ਰਤੀਤ ਕੀਤੇ ਜਾ ਸਕਦੇ ਹਨ ; ਜੈਸਾ ਕਿ ਇਨ੍ਹਾਂ ਗੁਰਵਾਕਾਂ ਤੋਂ ਸਿਧ ਹੈ–

–ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ...॥੨॥੧੧॥ (੫੯੦)

–ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥
ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥ (੧੦੮੮)

–ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥੨॥੫੦॥ (੩੩)

–ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥੨॥ (੬੫੭)

ਗੁਰਬਾਣੀ ਵਿਚ ਉਪਰ ਦਸੇ ਗੁਰਵਾਕਾਂ ਤੋਂ ਸਿਧ ਹੁੰਦਾ ਹੈ ਕਿ ਸੁਣਿ ਸਿਖ ਕੇ ਸਵਾਦ ਨਹੀਂ ਆ ਸਕਦਾ, ਜਿੰਨਾ ਚਿਰ ਗੁਰ-ਸ਼ਬਦ, ਭਾਵ ਗੁਰ-ਮੰਤ੍ਰ ਦੀ ਕਮਾਈ ਨਾ ਕਰੇ, ਜਾਂ ਜਿੰਨਾ ਚਿਰ ਸਤਿਗੁਰੂ ਦੀ ਸੇਵਾ ਨਾ ਕਰੇ, ਉਨਾ ਚਿਰ ਨਾਮ ਮਨ ਵਿਚ ਨਹੀਂ ਵਸਦਾ। **ਜਿਨ੍ਹਾਂ ਨੇ ਹਰਿ ਰਸ ਚਖਿਆ ਹੈ ਉਨ੍ਹਾਂ ਦੀ ਨਿਸ਼ਾਨੀ ਇਹ ਹੈ ਕਿ ਉਹ ਦੁਨਿਆਵੀ ਤਮਾਸ਼ਿਆਂ ਵਲ ਨਹੀਂ ਭਜਦੇ। ਸਭ ਦੁਨਿਆਵੀ ਪਦਾਰਥਾਂ ਦੀ ਭੁਖ ਲਾਲਸਾ ਮਿਟ ਜਾਂਦੀ ਹੈ।** ਜਿਨ੍ਹਾਂ ਨੇ ਇਸ ਰਸ ਨੂੰ ਚਖਿਆ ਹੈ ਉਨ੍ਹਾਂ ਨੇ ਸੁਆਦ ਪਾਇਆ ਹੈ, ਪਰ ਗੂੰਗੇ ਨੂੰ ਮਿਠਾਈ ਖੁਆਏ ਵਾਂਗੂ ਰਸ ਦਾ ਸੁਆਦ ਦਸਣ ਤੋਂ ਅਸਮਰੱਥ ਹਨ। ਪਰ ਗੁਰੂ ਸਾਹਿਬ ਨੇ ਇਸ ਤੋਂ ਵੀ ਸਪੱਸ਼ਟ ਚੰਗੀ ਤਰ੍ਹਾਂ ਸਮਝਾਇਆ ਹੈ ਕਿ–

–ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥੨੨॥ (੧੦੦)

–ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਾਹੁ ॥
ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ੍ ਬਿਸਰੇ ਸਭਿ ਬਿਖ ਰਸਹੁ ॥੩॥੪॥ (੮੦੦)



www.AKJ.Org

—ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥
ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਮਾਨੇ ॥੨॥੫੬॥ (੧੬੯)
—ਸਭੇ ਵਸਤੂ ਕਉੜੀਆ ਸਚੇ ਨਾਮੁ ਮਿਠਾ ॥
ਸਾਦੁ ਆਇਆ ਤਿਨ੍ਹ ਹਰਿ ਜਨਾਂ ਚਖਿ ਸਾਧੀ ਡਿਠਾ ॥੧੩॥ (੩੨੧)

**ਅੰਮ੍ਰਿਤ-ਰਸ ਲਭਣ ਵਾਸਤੇ ਸਾਧਨ—**

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗ, ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੈ, ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥
ਪੂਛਤ ਸੁਹਾਗਨਿ ਹੈ ਕਰਮ ਦੁਹਾਗਨਿ ਕੈ, ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥
ਗਾਇ ਸੁਨੈ ਆਖੇ ਮੀਚੈ ਪਾਈਐ ਨ ਪਰਮ ਪਦੁ, ਗੁਰ ਉਪਦੇਸ ਗਹਿ ਜੌ ਲੌ ਨ ਕਮਾਈਐ ॥੪੩੯॥
—ਕਬਿਤ ਭਾਈ ਗੁਰਦਾਸ ਜੀ

ਇਹ ਮਹਾਂ ਵਾਕ ਅੰਮ੍ਰਿਤ-ਅਭਿਲਾਖੀ ਨੂੰ ਬਹੁਤ ਲਾਭਦਾਇਕ ਹੋ ਸਕਦਾ ਹੈ, ਜੇ ਇਸ ਦੇ ਭਾਵ ਨੂੰ ਸਮਝ ਕੇ ਗੁਰਮਤਿ ਨਾਮ (ਗੁਰ-ਮੰਤਰ) ਨੂੰ ਪੂਰੇ ਗੁਰੂ ਵੈਦ ਤੋਂ ਲੈ ਕੇ, ਗੁਰੂ ਦੇ ਦਸੇ (ਪੰਥ) ਰਸਤੇ ਉਤੇ ਚਲ ਕੇ ਦੁਨਿਆਵੀ ਰੋਗੀ ਵਾਂਗੂ ਨਾਮ ਔਖਧ ਖਾ ਕੇ, ਗੁਰਮਤਿ ਰਹਿਤ ਰੂਪੀ ਸੰਜਮ ਰਖ ਕੇ ਗੁਰਮੰਤਰ ਦਾ ਜਾਪ ਜਪੇ ਅਤੇ ਸੋਹਾਗਣ ਇਸਤ੍ਰੀ ਵਾਂਗੂ (ਅਕਾਲ ਪੁਰਖ) ਗੁਰੂ ਪ੍ਰਮੇਸ਼ਵਰ ਨੂੰ ਪਤੀ ਸਮਝ ਕੇ, ਅੰਨ੍ਹੇ ਦੁਨਿਆਵੀ ਭੇਖੀ ਪੀਰਾਂ ਫਕੀਰਾਂ ਸੰਤਾਂ ਸਾਧਾਂ ਦੇ ਕਹੇ ਲਗ ਕੇ ਮੜ੍ਹੀਂ ਮਸਾਣੀਂ, ਪਹਾੜੀਂ ਅਤੇ ਜੰਗਲੀਂ ਦੁਹਾਗਣੀ ਇਸਤ੍ਰੀ ਵਾਂਗ ਘਰ ਘਰ ਨਾ ਟਕਰਾਂ ਮਾਰਦਾ ਫਿਰੇ, ਘਰ ਵਿਚ ਹੀ ਰਹੇ, ਨਾਮ ਜਪੇ। ਇਸ ਮਹਾਂ ਵਾਕ ਦੇ ਅਰਥ ਭਾਵੇਂ ਕੋਈ ਕਿਸੇ ਤਰ੍ਹਾਂ ਕਰੇ ਜਾਂ ਸਮਝੇ, ਪਰ ਸਿੱਟਾ ਤਾਂ ਇਹੋ ਹੀ ਨਿਕਲਦਾ ਹੈ ਕਿ **ਗੁਰਮੰਤਰ ਲਏ ਬਿਨਾਂ ਅਤੇ ਖ਼ਾਸ ਕਰਕੇ ਕਮਾਏ ਬਿਨਾਂ, ਕੋਈ ਪਰਮ ਪਦ ਨਹੀਂ ਪਾ ਸਕਦਾ।**

ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁਚੇ ਠਿਕਾਨੇ, ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥੪੪੦॥

ਇਸ ਮਹਾਂ ਵਾਕ ਦਾ ਭਾਵ ਹੈ ਕਿ ਅੰਮ੍ਰਿਤ ਛਕਦੇ ਸਾਰ ਹੀ ਗੁਰਮੰਤਰ ਨੂੰ ਕਮਾਉਣਾ ਅਰੰਭ ਕਰ ਦੇਵੇ ਅਤੇ ਖੋਜੀ ਵਾਂਗੂ ਆਲਸ ਕਰ ਕੇ ਖੋਜ (ਪੈੜ) ਨਾ ਮਿਟਾ ਦੇਵੇ। ਜਿਹੜਾ ਸਿਖ ਏਹਨਾਂ ਮਹਾਂ ਵਾਕਾਂ ਉਤੇ ਅਮਲ ਕਰੇਗਾ ਉਹ ਜ਼ਰੂਰ ਅੰਮ੍ਰਿਤ ਰਸ ਮਾਣਦਾ ਹੋਇਆ ਪਰਮ **ਪਦ ਨੂੰ ਪਾਵੇਗਾ**, ਅਮਰ ਹੋ ਜਾਵੇਗਾ।

**ਨੋਟ** :—ਉਪਰ ਲਿਖੇ ਸਾਰੇ ਲੇਖ ਦਾ ਸਾਰ-ਸਿੱਟਾ ਇਹ ਨਿਕਲਦਾ ਹੈ ਕਿ ਪੂਰਨ ਗੁਰਮਤਿ ਵਿਧੀ ਅਨੁਸਾਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ, ਗੁਰਮਤਿ-ਗੁਰਮੰਤਰ ਦੁਆਰਾ ਦੀਖਿਅਤ ਹੋ ਕੇ ਹੀ ਸਾਵਧਾਨਤਾ ਸਹਿਤ, ਇਸ ਨਾਮ-ਗੁਰਮੰਤਰ ਦੀ, ਦਿਨ ਰਾਤ ਇਕ ਕਰ ਕੇ, ਅਤੁਟ ਕਮਾਈ ਕਰਨ ਦੀ ਅਤਿਅੰਤ ਲੋੜ ਹੈ। ਤਦ ਜਾ ਕੇ ਹੀ ਗੁਰੂ-ਦੁਆਰ ਪ੍ਰਵਾਣ ਪੈ ਕੇ, ਭਾਵ ਸਤਿਗੁਰਾਂ ਦੀ ਬਖਸ਼ਸ਼ ਨਾਲ ਅੰਮ੍ਰਿਤ-ਰਸ ਪ੍ਰਾਪਤ ਹੁੰਦਾ ਹੈ ਤੇ ਜੀਵਨ ਸਫਲਾ ਹੁੰਦਾ ਹੈ।

ਕਹਿਣ ਮਾਤਰ ਨੂੰ ਤਾਂ ਅੱਜ ਕਲ੍ਹ ਬੜੀਆਂ ਬੜੀਆਂ ਡੀਂਗਾਂ ਮਾਰਨ ਵਾਲੇ ਪ੍ਰਸਿਧ ਕਥਾ-ਵਾਚਕ ਗਿਆਨੀ ਗੱਲਾਂ ਬਾਤਾਂ ਨਾਲ ਤਾਂ ਲੁਕਾਈ ਨੂੰ ਬੜਾ ਰੀਝਾਉਂਦੇ ਹਨ, ਪਰ ਇਨ੍ਹਾਂ ਫੋਕੀਆਂ ਗੱਲਾਂ ਬਾਤਾਂ ਨਾਲ—

ਇਕਿ ਫਿਰਹਿ ਘਨੇਰੇ, ਕਰਹਿ ਗਲਾ, ਗਲੀ ਕਿਨੈ ਨ ਪਾਇਆ ॥੧੬॥ (੯੧੯)

ਦੇ ਮਹਾਂ ਵਾਕ ਅਨੁਸਾਰ ਵਾਹਿਗੁਰੂ ਅਕਾਲ ਪੁਰਖ ਨੂੰ ਨਹੀਂ ਰੀਝਾਇਆ ਜਾ ਸਕਦਾ, ਜਦ ਤਕ ਕਿ "ਗੁਰਮੁਖਿ ਸਬਦਿ ਨ ਲਾਗੈ" ਦੇ ਭਾਵ ਅਨੁਸਾਰ ਸਤਿਗੁਰੂ ਦੇ ਸ਼ਬਦ ਵਿਚ ਲਗਿਆ, ਨਹੀਂ ਜਾਂਦਾ, ਮੁਖ ਰਸਨਾ ਦੁਆਰਾ ਲਗਾਤਾਰੀ ਨਾਮ-ਜਪੁ ਵਿਚ ਜੁਟਿਆ ਨਹੀਂ ਜਾਂਦਾ। —ਸੰਪਾਦਕ



www.AKJ.Org

# ਬਾਣੀ ਬਿਰਲਉ ਬੀਚਾਰਸੀ

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ (੫੧੫)
ਅਤੇ–ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥

ਗੁਰੂ ਕੀ ਬਾਣੀ, ਧੁਰ ਦਰਗਾਹੀ ਬਾਣੀ, ਧੁਰੋਂ ਅਵਤਰੀ ਬਾਣੀ ਕਰਤਾ ਪੁਰਖ ਦੀ ਬਾਣੀ ਹੈ। ਇਹ ਬਾਣੀ ਨਿਰੰਕਾਰ ਸਰੂਪ ਹੈ ! ਇਸ ਨਿਰੰਕਾਰ ਸਰੂਪ ਬਾਣੀ ਨੂੰ ਨਿਜ-ਅਕਲਾਂ ਨਾਲ ਸਮਝਣ ਦਾ ਜਤਨ ਕਰਨਾ ਨਿਰਾ ਮਨ-ਹੱਠ ਹੀ ਹੈ। ਕੋਈ ਵਿਰਲਾ ਗੁਰਮਤਿ ਅਨੁਸਾਰੀ ਗੁਰਮੁਖ ਜਨ, ਗੁਰਬਾਣੀ ਦੇ ਰੰਗ ਵਿਚ ਰਤਾ ਹੋਇਆ–ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥ ੫ ॥ (੧੨੭੫) ਬਾਣੀ ਦੇ ਅੰਮ੍ਰਿਤ ਗਟ ਕ ਰਖ ਚਖ ਕੇ, ਬਾਣੀ ਨੂੰ ਆਪਣੇ ਧੁਰ ਅੰਦਰ ਜੀਅੜੇ ਸੰਗ ਵਸਾਂਦਾ ਹੈ। ਤਾਂ ਫਿਰ ਉਸ ਦੇ ਅੰਦਰ ਨਉਨਿਧੀ ਨਾਮ ਦੀਆਂ ਅਗੰਮੀ ਲਹਿਰਾਂ ਉਠਦੀਆਂ ਹਨ ਅਤੇ ਉਹ ਨਾਮ ਨਾਲ ਓਤਿ ਪੋਤਿ ਹੋ ਕੇ ਰੰਗ-ਰਸ ਮਾਣਦਾ ਹੈ। ਗੁਰ ਫੁਰਮਾਨ ਹੈ–

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥ (੭੯੭-੯੮)

ਗੁਰੂ ਕੀ ਬਾਣੀ ਤੱਤ-ਵਾਹਿਗੁਰੂ ਦਾ ਰੂਪ ਹੀ ਹੈ। ਸਤਿਗੁਰੂ ਦੀ ਬਖ਼ਸ਼ਸ਼ ਦੁਆਰਾ ਵੱਡੇ ਭਾਗਾਂ ਨਾਲ, ਜਿਨ੍ਹਾਂ ਗੁਰਮੁਖ ਜਨਾਂ ਦੇ ਹਿਰਦੇ ਵਿਚ ਇਹ ਆ ਵਸਦੀ ਹੈ ਉਨ੍ਹਾਂ ਦਾ ਹਿਰਦਾ-ਕੌਲ ਖਿੜ ਜਾਂਦਾ ਹੈ, ਪਰਗਾਸ ਜਾਂਦਾ ਹੈ ਅਤੇ ਉਹ ਜੋਤੀ ਸਰੂਪ ਵਾਹਿਗੁਰੂ ਦੀ ਜੋਤਿ ਨਾਲ ਇਕ-ਮਿਕ ਹੋ ਜਾਂਦੇ ਹਨ। ਗੁਰਵਾਕ ਹੈ–

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥੨੫॥ (੧੪੨੪)

ਕਿਸੇ ਵਿਰਲੇ ਗੁਰੂ-ਵਰੋਸਾਇ ਹਿਰਦੇ ਵਿਚ ਹੀ ਗੁਰਬਾਣੀ ਦੀ ਗੁਹਜ-ਕਲਾ ਦੀ ਸੋਝੀ ਹੋ ਆਉਂਦੀ ਹੈ। ਗੁਰਬਾਣੀ ਵਿਚ ਲੀਨ ਹੋਇਆ ਹਿਰਦਾ ਹੀ ਗੁਰਬਾਣੀ ਦੀ ਵੀਚਾਰ ਦਸ ਸਕਦਾ ਹੈ। ਨਹੀਂ ਤਾਂ ਨਿਰੇ ਬੁਧੀ-ਮੰਡਲ ਵਿਚ ਵਿਚਰਨ ਵਾਲੇ ਪ੍ਰਾਣੀ, ਦੁਨਿਆਵੀ ਵਿਦਿਆਵਾਂ ਦੇ ਬਲ-ਬੋਤੇ ਗੁਰਬਾਣੀ ਨੂੰ ਸਮਝਣ ਸਮਝਾਉਣ ਦੀਆਂ ਡੀਂਗਾਂ ਮਾਰਦੇ ਫਿਰਨ ਤਾਂ ਉਹ ਨਿਰੀ ਮਨਮਤੀ ਕਪੋਲ ਕਿਰਿਆ ਹੈ।

ਹਰੇਕ ਗੁਰਸਿਖ ਲਈ ਗੁਰਬਾਣੀ ਪੜ੍ਹਨਾ ਅਤੇ ਗੁਰਬਾਣੀ ਨੂੰ ਵੀਚਾਰਨਾ ਅਤਿ ਜ਼ਰੂਰੀ ਹੈ। ਪਰ ਜੇ ਹਰ ਕੋਈ ਉਠ ਕੇ, ਬਿਨਾਂ ਗੁਰਮੁਖੀ ਜੀਵਨ ਜੀਣ ਦਾ ਉਪਰਾਲਾ ਕੀਤਿਆਂ, ਬਿਨਾਂ ਅੰਮ੍ਰਿਤ ਵੇਲੇ ਦੀ ਸੰਭਾਲ ਕੀਤਿਆਂ, ਬਿਨਾਂ ਗੁਰੂ-ਚਰਨਾਂ ਵਿਚ ਜੁੜਨ ਲਈ ਧਿਆਨ ਕੀਤਿਆਂ, ਐਵੇਂ ਹੀ ਫੋਕੀ ਵਿਦਿਆ ਦੇ ਤਾਣ ਤੇ ਗੁਰਬਾਣੀ ਨੂੰ ਸਮਝਣ ਸਮਝਾਣ ਲਈ ਉਪਰਾਲੇ ਕਰਦਾ ਫਿਰੇ ਤਾਂ ਇਹ ਉਸ ਦੀ ਨਿਜ-ਮਤੀ ਹਮਾਕਤ ਹੀ ਹੈ।

ਇਹ ਤਾਂ ਗੁਰੂ ਪਾਤਸ਼ਾਹ ਦੀ ਬਖਸ਼ਸ਼ ਹੈ ਕਿ ਥਾਂ-ਪਰ-ਥਾਂ ਗੁਰਸਿਖਾਂ ਅੰਦਰ ਗੁਰਬਾਣੀ ਦੇ ਪਾਠਾਂ ਨੂੰ ਵਿਚਾਰਨ ਦਾ ਖਿਆਲ ਹਿਰਦਿਆਂ ਵਿਚ ਆ ਵਸਿਆ ਹੈ ਅਤੇ ਬਾਹਰਮੁਖੀ ਕੁਝ ਉਪਰਾਲੇ ਤੇ ਜਤਨ ਵੀ ਕੀਤੇ ਜਾ ਰਹੇ ਹਨ। ਪਰ ਇਹ ਜਤਨ ਜਨ-ਸਾਧਾਰਨ ਦਾ ਮਸਲਾ ਨਹੀਂ, ਸਗੋਂ ਇਹ ਮਸਲਾ ਗੁਰਮੁਖ ਜਨਾਂ, ਗੁਰੂ ਕੇ ਸਨਮੁਖ ਜਨਾਂ, ਗੁਰੂ-ਚਰਨਾਂ ਨਾਲ ਜੁੜਨ ਦਾ ਉਪਰਾਲਾ ਕਰਨ ਵਾਲੇ ਜਨਾਂ ਨਾਲ ਹੀ ਸੰਬੰਧਤ ਹੋ ਸਕਦਾ ਹੈ। ਗੁਰੂ-ਚਰਨਾਂ ਨਾਲ ਜੁੜੇ ਹੋਏ ਗੁਰਮੁਖ ਜਨ ਵੀ ਇਹ ਡੀਂਗ ਨਹੀਂ ਮਾਰ ਸਕਦੇ ਕਿ ਉਨ੍ਹਾਂ ਨੂੰ ਬਾਣੀ ਦੇ ਪਾਠ ਦੀ ਸਹੀ ਸੋਝੀ ਹੋ ਆਈ ਹੈ, ਕਿਉਂਕਿ ਉਹ ਜਾਣਦੇ ਹਨ ਕਿ ਅਗਾਧ-ਬੋਧ, ਮਹਾਂ ਪੁਰਖ ਤੋਂ ਅਵਤਰੀ ਬਾਣੀ ਵੀ ਅਗਾਧ-ਬੋਧ ਹੈ। ਇਸੇ ਕਰਕੇ ਉਹ ਸਦਾ ਨਿਮਰੀਭੂਤ ਹੋ ਕੇ ਸਤਿਗੁਰੂ ਦੀ ਹਜ਼ੂਰੀ ਵਿਚ ਖਲੋ ਕੇ ਨਿਰੰਤਰ ਅਰਜ਼ੋਈਆਂ ਕਰਦੇ ਰਹਿੰਦੇ ਹਨ, 'ਸੱਚੇ ਪਾਤਸ਼ਾਹ ! ਅਸੀਂ ਅਲਪੱਗ ਜੀਵ ਹਾਂ, ਆਪ ਦੀ ਬਾਣੀ ਸਰਬੱਗ ਹੈ। ਆਪ ਕਿਰਪਾ ਕਰੋ ਤੇ ਆਪ ਸਾਡੇ ਅੰਦਰ ਬੈਠ ਕੇ ਆਪਣੀ ਬਾਣੀ ਦਾ ਸ਼ੁਧ ਪਾਠ ਕਰਨ ਦੀ ਸੋਝੀ ਬਖ਼ਸ਼ੋ ਜੀ। ਸਾਡੀ ਸਮਰੱਥਾ ਕੋਈ ਨਹੀਂ, ਆਪ ਬਲ ਬਖ਼ਸ਼ੋ ਜੀ।'' ਐਸੀ ਭੈ-ਭਾਵਨੀ ਵਿਚ ਵਿਚਰਦਿਆਂ ਹੋਇਆਂ ਹੀ ਗੁਰੂ-



www.AKJ.Org

ਕਿਰਪਾ ਨਾਲ ਗੁਰਬਾਣੀ ਦੇ ਪਾਠਾਂ ਦੀ, ਸ਼ਬਦ-ਜੋੜਾਂ ਤੇ ਉਚਾਰਨ ਦੀ ਸੋਝੀ ਹੋ ਆਉਂਦੀ ਹੈ, ਐਵੇਂ ਨਹੀਂ।

ਸੱਚੇ ਪਾਤਸ਼ਾਹ ਜੀ ਨੇ ਪ੍ਰਾਣੀ ਮਾਤਰ ਦੇ ਕਲਿਆਨ ਲਈ ਇਹ ਧੁਰ ਕੀ ਬਾਣੀ, ਅਗੰਮੀ ਬਾਣੀ, ਜਨ ਸਾਧਾਰਨ ਦੇ ਸਮਝ ਆ ਜਾਣ ਵਾਲੀ ਸਾਂਝੀ ਭਾਰਤੀ ਬੋਲੀ ਵਿਚ ਉਚਾਰਨ ਕੀਤੀ ਅਤੇ ਜਿਥੇ ਜਿਥੇ ਜਿਨ੍ਹਾਂ ਪ੍ਰਾਣੀਆਂ ਹਿਤ ਬਾਣੀ ਉਚਾਰਨ ਕੀਤੀ, ਉਥੇ ਉਥੇ ਉਨ੍ਹਾਂ ਨੂੰ ਸੱਚ ਦੀ ਸੋਝੀ ਬਖਸ਼ਣ ਹਿਤ, ਉਨ੍ਹਾਂ ਦੀ ਬੋਲੀ ਵਿਚ ਪ੍ਰਚਲਤ ਉਚਾਰਨ ਅਨੁਸਾਰ ਹੀ ਬਾਣੀ ਦਾ ਉਚਾਰਨ ਕੀਤਾ।

ਗੁਰੂ-ਬਾਣੀ ਦੀ ਲਿਖਤ ਸੂਤਰ ਰੂਪ ਵਿਚ ਨਿਯਮ-ਬਧ ਨਿਯਮਾਵਲੀ ਵਿਚ ਗੁੰਦੀ-ਗੁੰਫੀ ਹੋਈ ਹੈ। ਬਾਣੀ ਦੇ ਇਕ ਇਕ ਫੁਰਮਾਨ ਵਿਚ ਮਹਾਨ ਭਾਵਾਂ ਦੀ ਬਹੁਲਤਾ ਹੈ, ਜੋ ਬੜੇ ਸੰਖੇਪ ਸ਼ਬਦਾਂ ਵਿਚ ਹੁੰਦਿਆਂ ਹੋਇਆਂ ਪ੍ਰਗਟ ਪਹਰੇ ਹੋ ਕੇ ਹਿਰਦਿਆਂ ਨੂੰ ਟੁੰਬਦੀ ਹੈ। ਜਿੰਨੀ ਜਿੰਨੀ ਕਿਸੇ ਹਿਰਦੇ ਵਿਚ ਪ੍ਰੇਮ-ਸ਼ਰਧਾ ਅਤੇ ਭੈ-ਭਾਵਨੀ ਹੁੰਦੀ ਹੈ ਉਤਨਾ ਉਤਨਾ ਉਸ ਹਿਰਦੇ ਨੂੰ ਇਸ ਬਾਣੀ ਦਾ ਉਘਾੜ ਹੁੰਦਾ ਹੈ, ਅਤੇ ਸ਼ਰਧਾ-ਭਾਵਨੀ ਅਨੁਸਾਰ ਹੀ ਇਹ ਬਾਣੀ ਫਲ-ਦਾਤੀ ਹੋ ਪੁੰਗਰਦੀ ਹੈ।

ਗੁਰਬਾਣੀ ਦੇ ਵਖ਼ ਵਖ ਸ਼ਬਦਾਂ ਦੇ ਵਖ ਵਖ ਸ਼ਬਦ-ਜੋੜ ਵੇਖਣ ਸੁਣਨ ਵਿਚ ਆਉਂਦੇ ਹਨ। ਅਤੇ ਵਖ ਵਖ ਟੀਕਾਕਾਰਾਂ ਨੇ ਵਖ ਵਖ ਸ਼ਬਦ-ਜੋੜ ਦਿਤੇ ਹੋਏ ਹਨ। ਜਦੋਂ ਅਨੇਕਾਂ ਸ਼ਬਦਾਂ ਦੇ ਸ਼ਬਦ-ਜੋੜ ਵਖ ਵਖ ਕੀਤੇ ਜਾ ਰਹੇ ਹਨ ਅਤੇ ਕੋਈ ਸ਼ਬਦ-ਜੋੜ ਨਿਸ਼ਚਿਤ ਨਹੀਂ ਹਨ ਤਾਂ ਫਿਰ ਇਸ ਹਾਲਤ ਵਿਚ ਆਪਣੀ ਮੱਤ ਅਨੁਸਾਰ ਕੋਈ ਸ਼ਬਦ-ਜੋੜ ਨਿਸਚਿਤ ਕਰ ਕੇ, ਸੱਚੇ ਪਾਤਸ਼ਾਹ ਦੇ ਪਦ-ਛੇਦ ਸਰੂਪ ਛਾਪਣੇ ਕਿਥੋਂ ਤਕ ਠੀਕ ਹੈ ? ਕੀ ਇਹ ਨਿਜ-ਮਤ ਨਹੀਂ ? ਸਰਬੱਗ ਬਾਣੀ ਬਾਰੇ ਅਸੀਂ ਅਲਪੱਗ ਜੀਵ ਕਿਵੇਂ ਇਹ ਕਹਿ ਸਕਦੇ ਹਾਂ ਕਿ ਇਹੋ ਸਾਡੇ ਵਾਲਾ ਪਾਠ ਸ਼ੁੱਧ ਹੈ। ਜਿਸ ਕਿਸੇ ਨਾਮ-ਅਭਿਆਸੀ ਜੀਅੜੇ ਦਾ ਹਿਰਦਾ ਗੁਰੂ-ਚਰਨਾਂ ਨਾਲ ਸੁਰ ਹੋ ਜਾਵੇ ਅਤੇ ਗਰੀਬੀ ਨਿਮਰਤਾ ਵਿਚ ਗੁਰੂ-ਦਰ ਤੇ ਆਪਣੀ ਊਣਤਾ ਲਈ ਜੋਦੜੀਆਂ ਕਰਦਾ ਰਹੇ ਤਾਂ ਵਾਹਿਗੁਰੂ ਜੀ ਬਖਸ਼ਸ਼ ਕਰ ਕੇ ਉਸ ਤੋਂ ਸ਼ੁਧ ਉਚਾਰਨ ਕਰਵਾਉਂਦੇ ਹਨ।

ਇਕੇਰਾਂ ਪ੍ਰੋ: ਪੂਰਨਸਿੰਘ ਜੀ ਨੂੰ ਰੇਲ ਦਾ ਸਫਰ ਕਰਦਿਆਂ ਪਾਸੇ ਬੈਠੇ ਕਿਸੇ ਲੈਕਚਰਰ ਨੇ ਬੇਨਤੀ ਕੀਤੀ ਕਿ 'ਮਟਕ ਹੁਲਾਰੇ' ਪੁਸਤਕ ਦੀ ਭੂਮਿਕਾ ਆਪ ਜੀ ਦੀ ਲਿਖੀ ਹੋਈ ਹੈ। ਵਿਦਿਆਰਥੀਆਂ ਨੂੰ ਪੁਸਤਕ ਪੜ੍ਹਾਉਣ ਲਗਿਆਂ ਇਸ ਭੂਮਿਕਾ ਵਿਚਲੇ ਡੂੰਘੇ ਵਿਚਾਰਾਂ ਦੀ ਕਈ ਥਾਈਂ ਸਮਝ ਨਹੀਂ ਪੈਂਦੀ। ਪੁਸਤਕ ਇਸ ਵੇਲੇ ਮੇਰੇ ਪਾਸ ਹੈ ਅਤੇ ਜੇ ਆਪ ਜੀ ਇਨ੍ਹਾਂ ਨੂੰ ਥੋੜਾ ਜਿਹਾ ਸਮਝਾ ਦਿਓ ਤਾਂ ਵਿਦਿਆਰਥੀਆਂ ਨੂੰ ਸਮਝਾਣਾ ਸੁਖੈਨ ਹੋ ਜਾਵੇਗਾ। ਪ੍ਰੋਫੈਸਰ ਪੂਰਨ ਸਿੰਘ ਜੀ ਰੇਲ-ਡੱਬੇ ਵਿਚ ਬੈਠੇ ਪੁਸਤਕ ਖੋਲ੍ਹ ਕੇ ਬੜਾ ਚਿਰ ਉਸ ਵਿਚ ਧਿਆਨ-ਮਗਨ ਹੋਏ ਰਹੇ। ਕਈ ਸਟੇਸ਼ਨ ਲੰਘ ਗਏ, ਪਰ ਸਿਰ ਨਾ ਚੁਕਿਆ। ਅੰਤ ਕਿਤਾਬ ਠੱਪ ਦਿਤੀ ਅਤੇ ਉਸ ਲੈਕਚਰਰ ਨੂੰ ਕਹਿਣ ਲਗੇ, "ਮੈਨੂੰ ਸਮਝ ਨਹੀਂ ਆਈ।" ਲੈਕਚਰਰ ਨੇ ਬੜੀ ਹੈਰਾਨਗੀ ਨਾਲ ਪੁਛਿਆ, "ਕੀ ਇਹ ਆਪ ਜੀ ਦੀ ਲਿਖੀ ਹੋਈ ਨਹੀਂ ?" ਤਾਂ ਉਤਰ ਦਿਤੋਨੇ, "ਸਜਣਾ, ਜਿਸ ਅਵਸਥਾ ਵਿਚ ਪੁਜ ਕੇ ਇਹ ਸਤਰਾਂ ਲਿਖੀਆਂ ਗਈਆਂ ਸਨ, ਉਸ ਅਵਸਥਾ ਵਿਚ ਪੁਜਣ ਲਈ ਮੈਂ ਬੜੀ ਕੋਸ਼ਸ਼ ਕੀਤੀ ਹੈ, ਪਰ ਗੱਡੀ ਦੀ ਇਸ ਖੜ-ਖੜ ਵਿਚ ਮੇਰੀ ਕੋਈ ਪੇਸ਼ ਨਹੀਂ ਜਾ ਸਕੀ। ਉਸ ਅਵਸਥਾ ਵਿਚ ਪੁਜੇ ਤੋਂ ਬਿਨਾਂ ਇਸ ਨੂੰ ਸਮਝਣਾ ਸਮਝਾਣਾ ਬੜਾ ਔਖਾ ਹੈ।"

ਗੁਰੂ ਕੀ ਇਸ ਬਾਣੀ ਬਾਰੇ ਤਾਂ ਸਤਿਗੁਰੂ ਜੀ ਆਪ ਫੁਰਮਾਂਦੇ ਹਨ—

—ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ (੬੨੮)

ਅਤੇ —ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (੭੨੨)

ਸੋ ਧੁਰ ਖਸਮ ਦੀ ਅਗੰਮੀ ਬਾਣੀ ਨੂੰ ਅਸੀਂ ਮਾਇਆ-ਵੇੜ੍ਹੇ-ਜੀਵ, ਆਪਣੀ ਨਿਜ-ਮਤ ਦੇ ਮਾਣ ਹੇਠ ਦਬੇ ਹੋਏ, ਕਿਵੇਂ ਸਹੀ ਰੂਪ ਵਿਚ ਸਮਝ ਸਕਦੇ ਹਾਂ ? ਜਿਸ ਦੇਸ਼ ਵਿਚੋਂ ਬਾਣੀ ਆਈ ਹੈ, ਕਮਾਈ ਕਰ ਕੇ ਉਸ ਦੇਸ਼ ਵਿਚ, ਉਸ ਅਵਸਥਾ ਵਿਚ ਪੁਜਿਆ ਜਾਵੇ ਤਾਂ ਹੀ ਸੋਝੀ ਦੀ ਕੋਈ ਝਲਕ ਪੈ ਸਕਦੀ ਹੈ; ਐਵੇਂ ਕਿਵੇਂ ਨਹੀਂ।



www.AKJ.Org

# ਪੰਜਾਬ ਦੇ ਕਲਚਰ ਬਾਰੇ

ਡਾਕਟਰ ਹਰਜਿੰਦਰ ਸਿੰਘ "ਦਿਲਗੀਰ" ਚੰਡੀਗੜ੍ਹ

੯ ਜਨਵਰੀ ੧੯੮੩ ਦੀ ਸਿੱਖ ਬੁਧੀਜੀਵੀ ਕਨਵੈਨਸ਼ਨ, ਅੰਮ੍ਰਿਤਸਰ ਸਾਹਿਬ ਵਿਖੇ ਪਾਸ ਹੋਏ ਦੂਜੇ ਮਤੇ ਵਿਚ ਇਸ ਗੱਲ ਦੀ ਮੁਜ਼ੱਮਤ ਕੀਤੀ ਗਈ ਹੈ ਕਿ ੧੯੪੭ ਤੋਂ ਮਗਰੋਂ ਪੰਜਾਬ ਦਾ ਅਤੇ ਸਿੱਖ ਕਲਚਰ ਦਾ ਗਲਾ ਘੁਟਿਆ ਜਾ ਰਿਹਾ ਹੈ। ਇਹ ਸਵਾਲ ਬੜਾ ਡੂੰਘਾ ਹੈ। ਪੰਜਾਬ ਦੀ ਕਲਚਰਲ ਤਵਾਰੀਖ਼ ਦੇ ਮੁਤਾਲੀਏ ਨਾਲ ਬੜੀਆਂ ਰਮਜ਼ਾਂ ਭਰੀਆਂ ਗੱਲਾਂ ਸਾਹਵੇਂ ਆਉਂਦੀਆਂ ਹਨ।

ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਦੀਆਂ ਕਿਤਾਬਾਂ ਖ਼ਾਸ ਕਰਕੇ ਤਵਾਰੀਖ, ਅਦਬ ਅਤੇ ਜ਼ਬਾਨ ਦੇ ਸਿਲੇਬਸ, ਪੜ੍ਹ ਕੇ ਅਜਿਹਾ ਜਾਪਦਾ ਹੈ ਕਿ ਉਹ ਯੂ. ਪੀ. ਸੂਬੇ ਦੀਆਂ ਕਿਤਾਬਾਂ ਦਾ ਉਲਥਾ ਕੀਤਾ ਗਿਆ ਹੋਵੇ। ਪਹਿਲਾ ਚੈਪਟਰ ਆਮ ਕਰਕੇ ਜਨ ਗਨ ਮਨ (ਜਾਰਜ ਪੰਜਮ ਦੇ ਇਸਤਕਬਾਲ ਵਾਸਤੇ ਲਿਖੀ ਨਜ਼ਮ ਹੁੰਦਾ ਹੈ)। ਫਿਰ 'ਭਾਰਤ ਮਾਤਾ', ਫਿਰ 'ਬਾਪੂ' ਗਾਂਧੀ, ਫਿਰ 'ਚਾਚਾ' ਨਹਿਰੂ, ਫਿਰ ਦੇਸ਼ ਦੀ ਨੇਤਾ 'ਇੰਦਰਾ ਗਾਂਧੀ', ਕਿਤੇ ਕਿਤੇ ਤਾਂ ਯੁਵਾ ਨੇਤਾ ਸੰਜੇ ਗਾਂਧੀ ਵੀ ਲੱਭ ਸਕਦਾ ਹੈ।

ਇਸ ਗੱਲ ਦਾ ਜ਼ਿਕਰ ਇਕ ਦੋਸਤ ਨਾਲ ਛਿੜਿਆ ਤਾਂ ਉਸ ਆਖਿਆ ਕਿ ਕੋਈ ਨਹੀਂ, ਹੁਣ ਰਾਜੀਵ ਗਾਂਧੀ ਦੀ ਵਾਰੀ ਹੈ ਤੇ ਫਿਰ ਬੱਚਿਆਂ ਕੇ ਨੇਤਾ ਰਾਹੁਲ ਗਾਂਧੀ, ਤੇ ਫਿਰ ..। ਇਨ੍ਹਾਂ ਦੀ ਜ਼ਿੰਦਗੀ ਬਾਰੇ ਚੈਪਟਰਾਂ ਤੋਂ ਇਲਾਵਾ ਕੋਈ ਹੋਰ, ਜੇ ਕਿਤੇ ਜ਼ਿਕਰ ਆ ਹੀ ਜਾਵੇ ਤਾਂ, ਹੀਰੋ ਰਾਣੀ ਝਾਂਸੀ, ਲਾਜਪਤ ਰਾਏ, ਮਦਨ ਲਾਲ ਢੀਂਗਰਾ, ਤਿਲਕ ਗੋਖਲੇ, ਸੁਭਾਸ਼ ਚੰਦਰ ਬੋਸ, ਰਾਣਾ ਪਰਤਾਪ, ਸ਼ਿਵਾ ਜੀ ਦਾ ਨਾਂ ਮਿਲ ਜਾਵੇਗਾ। ਪੰਜਾਬ ਦੇ ਤੁਲਬਾ (ਵਿਦਿਆਰਥੀਆਂ) ਨੂੰ ਕਿਸੇ ਸਹੀ ਪੰਜਾਬੀ ਜਾਂ ਸਿੱਖ ਹੀਰੋ ਦਾ ਨਾਂ ਨਹੀਂ ਸੁਣਨ ਦਿੱਤਾ ਜਾਂਦਾ।

ਸਿੱਖਾਂ ਦਾ ਕੌਮੀ ਗੀਤ, 'ਦੇਹਿ ਸਿਵਾ ਬਰ .....ਮਾਤਾ ਸਾਹਿਬ ਕੌਰ, ਬਾਪੂ ਗੁਰੂ ਗੋਬਿੰਦ ਸਿੰਘ, ਹੀਰੋ ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਹਲੂਵਾਲੀਆ, ਭਾਈ ਮਹਾਰਾਜ ਸਿੰਘ, ਬਾਬਾ ਖੜਕ ਸਿੰਘ, ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਐਵਰਸਟ ਤੇ ਚੜ੍ਹਨ ਵਾਲਾ ਪਹਿਲਾ ਪੰਜਾਬੀ (ਤੇ ਸਿੱਖ ਵੀ) ਐਮ. ਐਸ. ਆਹਲੂਵਾਲੀਆ ਮਿਲਖਾ ਸਿੰਘ, ਐਟਰਾਕਟੀਕਾ ਤੇ ਅਣ-ਵਸੇ ਬਰਫ਼ ਦੇ ਦੇਸ਼ ਵਿਚ ਜਾਣ ਵਾਲੇ ਸਿੱਖਾਂ ਦੇ ਕਾਰਨਾਮੇ ਓਪਰੇ ਹਨ।

ਜੇ ਕਿਤੇ ਗੁਰੂ ਨਾਨਕ ਸਾਹਿਬ ਜਾਂ ਗੁਰੂ ਸਾਹਿਬਾਨ ਦਾ ਜ਼ਿਕਰ ਛਿੜ ਵੀ ਜਾਵੇ ਤਾਂ ਉਹ ਹਿੰਦੂ ਸੰਤ ਆਖ ਕੇ ਮੁਕਾ ਦਿਤਾ ਜਾਂਦਾ ਹੈ। ਤਵਾਰੀਖ਼ ਦੇ ਸਫ਼ਿਆਂ ਵਿਚੋਂ ਜੋ ਸਮੱਗਰੀ ਇਨ੍ਹਾਂ ਸਿਲੇਬਸਾਂ 'ਚੋਂ ਲੱਭਦੀ ਹੈ ਉਸ ਵਿਚ ੧੮੫੭ ਦਾ ਗ਼ਦਰ, ਭਾਰਤ ਛਡੋ, ਸਿਕੰਦਰ ਪੋਰਸ, ਰਾਣਾ ਪਰਤਾਪ, ਸ਼ਿਵਾ ਜੀ ਦੀ ਰਿਹਾਈ, ਪਾਨੀਪਤ ਦੀਆਂ ਜੰਗਾਂ, ਆਜ਼ਾਦ ਹਿੰਦ ਫੌਜ ਦੇ ਕਾਰਨਾਮੇ (ਸੁਭਾਸ਼ ਬੋਸ ਤਕ ਸੀਮਤ) ਹੁੰਦੀ ਹੈ। ਸਿੱਖ ਮਿਸਲਾਂ ਦੀਆਂ ਜਿੱਤਾਂ, ਭਾਰਤ ਦਾ ਪਹਿਲਾ ਆਜ਼ਾਦੀ ਦਾ ਘੁਲਾਟੀਆ ਭਾਈ ਮਹਾਰਾਜ ਸਿੰਘ ੧੮੪੬-੪੭, ਚਾਬੀਆਂ ਦਾ ਮੋਰਚਾ (ਗਾਂਧੀ ਮੁਤਾਬਿਕ ਪਹਿਲੀ ਜਿੱਤ), ਗੁਰੂ ਕਾ ਬਾਗ, ਅਕਾਲੀ ਲਹਿਰ, ਗ਼ਦਰ ਪਾਰਟੀ, ਬੱਬਰ ਅਕਾਲੀ ਲਹਿਰ, ੧੯੪੭ ਦਾ ਘਲੂਘਾਰਾ, ਬਾਰੇ ਜ਼ਿਕਰ ਤਕ ਨਹੀਂ ਆਉਂਦਾ। ਜੇ ਕਿਤੇ ਕਰਤਾਰ ਸਿੰਘ ਸਰਾਭਾ ਜਾਂ ਭਗਤ ਸਿੰਘ ਨੂੰ ਪੇਸ਼ ਕਰਨਾ ਪਵੇ ਤਾਂ ਉਸ ਨੂੰ ਹਿੰਦੂ ਸ਼ਕਲ ਵਿਚ ਪੇਸ਼ ਕੀਤਾ ਜਾਂਦਾ ਹੈ।

ਦੂਜੀ ਗੱਲ ਪੰਜਾਬੀ ਜ਼ੋਨ ਦੇ ਨਵੇਂ ਵਸੇ ਇਲਾਕਿਆਂ ਦਾ ਨਾਂ ਰੱਖਣ ਦੀ ਹੈ। ਅਕਾਲੀ ਸਰਕਾਰ ਦੇ ਆਉਣ ਤੋਂ ਪਹਿਲਾਂ ਸਿੱਖ ਜ਼ੋਨ ਵਿਚ ਵੀ (ਪੰਜਾਬ ਤਾਂ ਫੇਰ ਵਡਾ ਸੀ) ਹਰ ਥਾਂ ਤੇ ਜਵਾਹਰ ਨਗਰ, ਨਿਊ ਜਵਾਹਰ ਨਗਰ, ਲਾਜਪਤ ਨਗਰ, ਕ੍ਰਿਸ਼ਨ ਨਗਰ, ਦਯਾ ਨੰਦ ਨਗਰ, ਤਿਲਕ ਨਗਰ, ਸੁਭਾਸ਼ ਨਗਰ, ਪਰਤਾਪ ਨਗਰ, ਸ਼ਿਵਾ ਜੀ ਪਾਰਕ, ਗਾਂਧੀ ਪਾਰਕ, ਇੰਦਰਾ ਨਗਰ ਨਾਂ ਦਿਤੇ ਜਾਂਦੇ ਸਨ। ਅਕਾਲੀ ਸਰਕਾਰ



www.AKJ.Org

ਨੇ ਆ ਕੇ ਕੁਲ ਕਲੋਨੀਆਂ, ਪਾਰਕਾਂ ਨੂੰ ਪੰਜਾਬੀ ਤੇ ਸਿੱਖ ਨਾਂ ਦੇਣੇ ਸ਼ੁਰੂ ਕੀਤੇ।

ਤੀਜਾ ਪੰਜਾਬੀ ਜ਼ਬਾਨ ਨੂੰ ਹਿੰਦੀ ਤੇ ਸੰਸਕ੍ਰਿਤ ਦੇ ਲਫਜ਼ਾਂ ਨਾਲ ਭਰਨ ਦਾ ਸਿਲਸਿਲਾ ਪੂਰੀ ਪਲਾਨਿੰਗ ਨਾਲ ਕੀਤਾ ਗਿਆ। ੧੯੪੭ ਤੋਂ ਮਗਰੋਂ ਦੀਆਂ ਛਪੀਆਂ ਕਿਤਾਬਾਂ ਦੇ ਪਹਿਲੀਆਂ ਕਿਤਾਬਾਂ ਨਾਲ ਮੇਲ ਮਗਰੋ ਇਹ ਸਾਜ਼ਸ਼ ਸਾਫ ਉਘੜ ਕੇ ਸਾਹਮਣੇ ਆ ਜਾਂਦੀ ਹੈ।

ਸਿੱਖਾਂ ਦੇ ਮਜ਼ਹਬ ਦੇ ਕਕਾਰਾਂ ਨਾਲ ਜੋ ਸਲੂਕ ਕੀਤਾ ਜਾਂਦਾ ਰਿਹਾ ਹੈ ਤੇ ਕੀਤਾ ਜਾ ਰਿਹਾ ਹੈ, ਉਹ ਕਿਸੇ ਤੋਂ ਗੁੱਝਾ ਨਹੀਂ ਹੈ। ਕੇਸਾਂ ਅਤੇ ਜੂੜੇ ਬਾਰੇ ਬੇਅਦਬੀ ਭਰੇ ਲਫ਼ਜ਼, ਕਛਹਿਰੇ ਨੂੰ ਮਜ਼ਾਕ ਦਾ ਬਿੰਦੂ ਬਨਾਉਣਾ, ਕਿਰਪਾਨ ਤੇ ਵਾਰ ਵਾਰ ਹਮਲੇ (ਵੇਖੋ ਗਾਂਧੀ ਦੇ ਕਿਰਪਾਨ ਬਾਰੇ ਰਿਮਾਰਕਸ, ਉਹਨਾਂ ਦੀਆਂ ਆਪਣੀਆਂ ਕਿਤਾਬਾਂ ਵਿਚ) ਅਤੇ ਪਾਬੰਦੀ, ਗੁਰਮੁਖੀ ਤੇ ਪੰਜਾਬੀ ਨਾਲ ਸਲੂਕ (ਜਲੰਧਰ ਮਿਉਂਸਪਲ ਕਮੇਟੀ ੧੯੪੮ ਦਾ ੮੮ ਨੰਬਰ ਮਤਾ ਤੇ ਪੰਜਾਬ ਯੂਨੀਵਰਸਿਟੀ ਉਦੋਂ ਸੋਲਨ ਦੀ ੧੯੪੯ ਸੈਨਟ ਦਾ ਮੀਟਿੰਗ 'ਚੋਂ ਵਾਕ ਆਊਟ), ਪੰਜਾਬ ਵਿਚੋਂ ਉਰਦੂ ਜ਼ਬਾਨ ਨੂੰ ਜਲਾਵਤਨ ਕਰਨਾ—ਇਹ ਸਿੱਖਾਂ ਦੇ ਕਲਚਰ ਨਾਲ ਹੀ ਧੱਕਾ ਨਹੀਂ ਸੀ ਸਗੋਂ ਸੁਆਮੀ ਵਿਵੇਕਾਨੰਦ ਦੀ ਤਰੀਫ਼ ਤੇ ਹਮਲਾ ਵੀ ਸੀ।

੧੯੭੮ ਵਿਚ ਅਕਾਲੀ ਸਰਕਾਰ ਨੇ ਇਕ ਸਰਕੂਲਰ ਰਾਹੀਂ ਸਿੱਖਾਂ ਵਾਸਤੇ ਸ੍ਰੀ ਦੀ ਥਾਂ ਸਰਦਾਰ ਲਿਖਣ ਦਾ ਐਲਾਨ ਜਾਰੀ ਕੀਤਾ ਤਾਂ ੧੯੮੦ ਵਿਚ ਕਾਂਗਰਸ ਸਰਕਾਰ ਨੇ ਆਉਂਦਿਆਂ ਪਹਿਲਾ ਕੰਮ ਇਹ ਕੀਤਾ ਕਿ ਸਰਕੂਲਰ ਵਾਪਸ ਲੈ ਲਿਆ।

ਪੰਜਾਬ ਵਿਚ ਨੌਕਰੀਆਂ ਦੇਣ ਵੇਲੇ ਗੈਰ-ਸਿੱਖ ਤੇ ਗੈਰ ਪੰਜਾਬੀ ਨੂੰ ਵੱਖ ਵੱਖ ਜਗ੍ਹਾ ਤੇ ਵੱਖ ਵੱਖ ਮੌਕਿਆਂ ਤੇ ਤਰਜੀਹ ਦਿੱਤੀ ਜਾਂਦੀ ਰਹੀ ਹੈ। ਇਸ ਦੀ ਮਿਸਾਲ ਹਰ ਮਹਿਕਮੇ ਵਿਚ ਮਿਲ ਸਕਦੀ ਹੈ—

ਐਜੂਕੇਸ਼ਨ ਸੈਂਟਰਾਂ ਵਿਚ ਇਸ ਦੀ ਸਭ ਤੋਂ ਵੱਡੀ ਮਿਸਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੈ ਜਿਥੇ ਪ੍ਰੋਫੈਸਰਾਂ ਵਿਚ ੬੯੪ ਵਿਚੋਂ ੯੬ ਸਿੱਖ ਹਨ। ਇਨ੍ਹਾਂ ਵਿਚੋਂ ਵੀ ੬੦ ਉਹ ਹਨ ਜਿਨ੍ਹਾਂ ਕੇਸ ਨਹੀਂ ਰੱਖੇ ਹੋਏ। ਉਂਜ ਇਨ੍ਹਾਂ ਸਿੱਖੀ ਛੱਡਣ ਵਾਲਿਆਂ ਨਾਲ ਵੀ ਉਹੀ ਸਲੂਕ ਹੁੰਦਾ ਹੈ ਜੋ ਕੇਸਾਂ ਦਾੜ੍ਹੀਆਂ ਵਾਲਿਆਂ ਨਾਲ। ਅਜਿਹੀ ਹੀ ਹਾਲਤ ਨਾਨ-ਟੀਚਿੰਗ ਸਟਾਫ਼ ਦੀ ਹੈ।

ਇਸ ਯੂਨੀਵਰਸਿਟੀ ਵਿਚ ਪੰਜਾਬ, ਪੰਜਾਬੀ, ਤੇ ਸਿੱਖ ਕਲਚਰ ਨਾਲ ਜੋ ਸਲੂਕ ਹੋ ਰਿਹਾ ਹੈ, ਉਹ ਆਰੀਆ ਸਮਾਜੀ ਫ਼ਿਰਕਾ ਪ੍ਰਸਤੀ ਦਾ ਨੰਗਾ ਨਾਚ ਹੈ, ਮੁਕਾਬਲਤਨ ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹਿੰਦੂ-ਸਿੱਖ ਸਟਾਫ ਦੀ ਨਿਸਬਤ ੪੦ : ੬੦ ਦੀ ਹੈ। ਉਂਜ ਇਨ੍ਹਾਂ ਯੂਨੀਵਰਸਿਟੀਆਂ ਦਾ ਵੀ ਹਿੰਦੂ ਤੇ ਦੂਜਾ ਗੈਰ-ਸਿੱਖ ਸਟਾਫ਼ ਚੰਡੀ ਗੜ੍ਹ ਦੇ ਆਰੀਆ ਸਮਾਜੀ ਵਾਲਾ ਤਰੀਕਾ ਹੀ ਇਸਤੇਮਾਲ ਕਰ ਰਿਹਾ ਹੈ।

ਸਿੱਖ ਜ਼ੋਨ ਵਿਚ ਸਿੱਖਾਂ ਦੇ ਮਜ਼ਹਬੀ ਸੈਂਟਰਾਂ ਵਾਲੇ ਸ਼ਹਿਰਾਂ ਵਿਚ ਸਿੱਖਾਂ ਵਲੋਂ ਮੰਗ ਕੀਤੇ ਜਾਣ ਦੇ ਬਾਵਜੂਦ ਤੰਬਾਕੂ-ਨੋਸ਼ੀ ਬੰਦ ਨਹੀਂ, ਸਗੋਂ ਐਲਾਨੀਆਂ ਕੀਤੀ ਜਾਂਦੀ ਹੈ। ਜਾਣ ਬੁਝ ਕੇ ਸਿੱਖਾਂ ਨੂੰ ਚਿੜਾਉਣ ਵਾਸਤੇ ਸਿੱਖਾਂ ਦੇ ਮੂੰਹ ਤੇ ਸਿਗਰਟ ਦਾ ਧੂੰਆਂ ਛੱਡਿਆ ਜਾਂਦਾ ਹੈ। ਸਰਕਾਰੀ ਅਦਾਰਿਆਂ ਅਤੇ ਪਬਲਿਕ ਥਾਵਾਂ ਤੇ ਪਾਬੰਦੀ ਹੋਣ ਦੇ ਬਾਵਜੂਦ ਇਸ ਅਸੂਲ ਨੂੰ ਐਲਾਨੀਆ ਰੱਦ ਕੀਤਾ ਜਾਂਦਾ ਹੈ। ਰੇਲ ਗੱਡੀਆਂ ਵਿਚ ਦਫਾ ੧੧੦ ਹੁਣ ਬਿਲਕੁਲ ਅਸਰ-ਹੀਣ ਹੈ। ਪਵਿੱਤਰ ਸ਼ਹਿਰ ਬਨਾਉਣ ਵਾਸਤੇ ਬਦਰੀ ਨਾਥ, ਕੇਦਾਰ ਨਾਥ, ਜੋਸ਼ੀ ਮਠ, ਰਿਸ਼ੀ ਕੇਸ਼, ਹਰਿਦੁਆਰ, ਕੁਰਖੇਤਰ, ਬਨਾਰਸ ਵਗੈਰਾ ਵਾਸਤੇ ਨਾ ਤਾਂ ਸ਼ਰਤਾਂ ਹਨ, ਅਤੇ ਨਾ ਹੀ ਹੱਦਾਂ, ਪਰ ਅੰਮ੍ਰਿਤਸਰ ਵਾਸਤੇ ਹੱਦਾਂ ਵੀ ਹਨ, ਸ਼ਰਤਾਂ ਵੀ ਤੇ ਜਦੋ ਜਹਿਦ ਵੀ ਲੰਬੀ ਕਰਨੀ ਪੈਂਦੀ ਹੈ।

ਸਿੱਖ ਲੜਕੀਆਂ ਵਾਸਤੇ (੧੯੫੩ ਵਿਚ) ਐਨ.ਸੀ.ਸੀ. ਵਾਸਤੇ ਟੋਪੀ ਲਾਜ਼ਮੀ ਕਰਨਾ ਅਤੇ ਹੈਲਮਟ ਦੀ ਬੰਦਸ਼ ਡੂੰਘੀ ਸਾਜ਼ਸ਼ ਦੀ ਕੜੀ ਹੈ।



www.AKJ.Org

ਪੰਜਾਬ ਨੂੰ ਹਿੰਦੀ ਜ਼ੋਨ ਵਰਗਾ ਕਰਨ ਅਤੇ ਚੰਡੀਗੜ੍ਹ ਨੂੰ ਹਿੰਦੀ ਇਲਾਕਾ ਬਨਾਉਣ ਲਈ ਪੂਰੀ ਸਕੀਮ ਨਾਲ ਕੰਮ ਕੀਤਾ ਗਿਆ ਹੈ।

ਯੂ. ਪੀ., ਰਾਜਸਥਾਨ, ਮਧ ਪਰਦੇਸ਼ ਵਿਚੋਂ ਮਜ਼ਦੂਰ ਅਤੇ ਹੋਰ ਮੁਲਾਜ਼ਮ ਭੇਜ ਕੇ ਹਿੰਦੀ ਜ਼ਬਾਨ ਵਾਲਿਆਂ ਦੀ ਗਿਣਤੀ ਵਧਾਉਣ ਦੀ ਸਕੀਮ ਸਾਫ਼ ਨਜ਼ਰ ਆਉਂਦੀ ਹੈ। ਚੰਡੀਗੜ੍ਹ ਦੇ ਇਕ ਗ਼ੈਰ ਸਿੱਖ ਚੀਫ ਕਮਿਸ਼ਨਰ ਬਾਰੇ ਆਖਿਆ ਜਾਂਦਾ ਹੈ ਕਿ ਉਸ ਨੇ ਇਕ ਲੱਖ ਭਈਆ, ਜੋ ਚੰਡੀਗੜ੍ਹ ਵਿਚ ਆਉਂਦਾ ਜਾਂਦਾ ਹੈ, ਨੂੰ ਕਲੋਨੀਆਂ ਬਣਾ ਕੇ ਤੇ ਹੋਰ ਸਹੂਲਤਾਂ ਦੇ ਕੇ ਵਸਾਇਆ।

ਸਿੱਖਾਂ ਦੀ ਤਵਾਰੀਖ਼ ਨੂੰ ਹਿੰਦੂਆਂ ਨੇ ਜਿਵੇਂ ਵਿਗਾੜ ਕੇ ਪੇਸ਼ ਕੀਤਾ ਹੈ, ਉਹ ਇਕੱਲੇ ਇਕੱਲੇ ਦਾ ਹਿੱਸਾ ਨਹੀਂ, ਬਲਕਿ ਇਕੱਠਾ ਐਕਸ਼ਨ ਹੈ। ਭਾਰਤ ਦੀ ਤਵਾਰੀਖ ਦੀਆਂ ਸਰਕਾਰੀ ਕਿਤਾਬਾਂ ਵਿਚ ਸਿੱਖ ਜਾਂ ਪੰਜਾਬ ਦਾ ਜ਼ਿਕਰ ਨਾਂ ਮਾਤਰ ਹੀ ਦਿਸਦਾ ਹੈ ਤੇ ਉਹ ਵੀ ਵਿਗਾੜਿਆ ਤੇ ਛੁਟਕਾਰਿਆ ਹੋਇਆ ਹੈ।

ਹਿੰਦੀ ਫਿਲਮਾਂ ਵਿਚ ਜਾਣ ਬੁਝ ਕੇ ਸ਼ਰਾਰਤਨ ਸਿੱਖਾਂ ਨੂੰ ਮਜ਼ਾਕੀਆ, ਬੁਧੂ, ਘਟੀਆ, ਡਰੂ, ਡਰਾਈਵਰ ਵਗੈਰਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਕਹਿਣਾ ਕਿ ਹਿੰਦੂ ਕਲਾਕਾਰ ਵੀ ਤਾਂ ਅਜੇਹੇ ਪੇਸ਼ ਹੁੰਦੇ ਹਨ। ਅਜੀਬ ਗੱਲ ਹੈ, ਕਿਉਂਕਿ ਸਿੱਖ ਪਾਤਰ ਇਕੋ ਹੀ ਪੇਸ਼ ਹੁੰਦਾ ਹੈ, ਜਿਹੜਾ ਕੌਮੀ ਬਿੰਬ ਬਣਦਾ ਹੈ। ਜੇ ਮੁਕਾਬਲੇ ਵਿਚ ਕੋਈ ਬੇਹਤਰ ਸਿੱਖ ਪੇਸ਼ ਹੋਵੇ ਤਾਂ ਇਹ ਠੀਕ ਹੈ।

ਗੱਲ ਕੀ, ਭਾਰਤ ਵਿਚ ਸਿੱਖ ਕਲਚਰ ਤੇ ਪੰਜਾਬੀ ਕਲਚਰ ਨਾਲ-ਜੋ ਸਲੂਕ ਕੀਤਾ ਗਿਆ ਹੈ ਤੇ ਕੀਤਾ ਜਾ ਰਿਹਾ ਹੈ, ਉਹ ਬੇਸ਼ਕ ਸਿੱਖਾਂ ਨਾਲ ਜ਼ਿਆਦਤੀ ਹੈ, ਪਰ ਨਾਲ ਹੀ ਨਾਲ ਇਹ ਪਲਾਨਿੰਗ ਭਾਰਤ ਵਾਸਤੇ ਵੀ ਫ਼ਾਇਦੇ ਵਾਲੀ ਨਹੀਂ ਹੋ ਸਕਦੀ। ਪੰਜਾਬ ਦਾ ਕਲਚਰ ਸਾਰੇ ਭਾਰਤ ਵਿਚ ਸਭ ਤੋਂ ਵਧੀਆ, ਸਭ ਤੋਂ ਵਧ ਜਿੰਦਾ ਤੇ ਸਭ ਤੋਂ ਵਧ ਤਰੱਕੀ ਵਾਲਾ ਕਲਾਕਾਰ ਕਲਚਰ ਹੈ। ਸਿੱਖ ਕਲਚਰ ਉਹ ਚੰਗਾ ਕਲਚਰ ਹੈ, ਜਿਸ ਦੀ ਤਾਰੀਫ਼ ਪਰਲ ਬਕ, ਐਚ. ਐਲ. ਬਰਾਡਸ਼ਾਅ, ਆਰਨਲਡ ਟਾਇਨਬੀ, ਸਵਾਮੀ ਵਿਵੇਕਾਨੰਦ ਤੇ ਡਾਕਟਰ ਰਾਧਾ ਕ੍ਰਿਸ਼ਨਨ ਨੇ ਕੀਤੀ ਸੀ ਤੇ ਸਿੱਖ ਕਲਚਰ ਹੀ ਪੰਜਾਬ ਦਾ ਸਹੀ ਕਲਚਰ ਹੈ।
ਪ੍ਰੋ: ਪੂਰਨ ਸਿੰਘ ਜਦੋਂ ਪੰਜਾਬ ਨੂੰ ਆਵਾਜ਼ਾਂ ਦੇਂਦਾ ਹੈ ਤਾਂ ਉਹ—

ਆ ਪੰਜਾਬ ਤੂੰ ਮੁੜ ਆ, ਆ ਸਿੱਖ ਪੰਜਾਬ ਤੂੰ ਘਰ ਆ,

ਅਤੇ— ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂ ਤੇ।

ਕਹਿਕੇ ਪਹਿਲੋਂ ਵਾਰਨਿੰਗ ਦੇਂਦਾ ਗਿਆ ਹੈ—ਤੇ ਜੇ ਇਸ ਵਾਰਨਿੰਗ ਨੂੰ ਹੋਰ ਨਜ਼ਰ-ਅੰਦਾਜ਼ ਕੀਤਾ ਗਿਆ ਤਾਂ ਫਿਰ ਡਾਕਟਰ ਇਕਬਾਲ ਦਾ ਆਖਿਆ ਸੱਚਾ ਸਾਬਤ ਹੋਵੇਗਾ—

ਜ਼ਮਾਨਾ ਦੇਖੇਗਾ ਮਹਸ਼ਰ ਉਠੇਗਾ ਮੇਰੀ ਗੁਫ਼ਤਗੂ ਕਾ।
ਮੇਰੀ ਖ਼ਾਮੋਸ਼ੀ ਨਹੀਂ ਗੰਜਾ ਮਜ਼ਾਰ ਹੈ ਹਰਫ਼ੇ ਆਰਜ਼ੂ ਕ।

੧੯੬੭ ਤੋਂ ਬਾਅਦ ਸਾਰੇ ਸੂਬਿਆਂ ਵਿਚ ਜਿਥੇ ਸਾਂਝੇ ਮੁਹਾਜ ਦੀਆਂ ਕੁਲੀਸ਼ਨ ਸਰਕਾਰਾਂ ਬਣੀਆਂ ਸਨ, ਆਪਸੀ ਫੁਟ ਨਾਲ ਵਾਰ ਵਾਰ ਟੁਟੀਆਂ। ਪਰ ਅਕਾਲੀ ਸਰਕਾਰ ਦੇ ਟੁਟ ਜਾਣ ਤੇ ਸਿੱਖਾਂ ਦੇ ਦਿਮਾਗ ਵਿਚ ਇਹ ਭਰਨ ਦੀ ਲਗਾਤਾਰ ਕੋਸ਼ਿਸ਼ ਹੋਈ ਕਿ ਸਿੱਖ ਰਾਜ ਨਹੀਂ ਕਰ ਸਕਦੇ''। ਮਹਾਰਾਜਾ ਰਣਜੀਤ ਸਿੰਘ ਇਕੱਲਾ ਹੀ ੪੦ ਸਾਲ ਦਾ ਸੌਖਾ ਤੇ ਚੰਗਾ ਰਾਜ਼ ਕਰ ਗਿਆ। ਉਸ ਤੋਂ ਪਹਿਲਾਂ ਵੀ ੨੫-੩੦ ਸਾਲ ਸਿੱਖ ਮਿਸਲਾਂ ਇਕੱਲੀਆਂ ਵੀ ਅਤੇ ਕੁਲੀਸ਼ਨ ਵਾਲਾ ਰਾਜ ਵੀ ਕਰਦੀਆਂ ਰਹੀਆਂ ਹਨ ਤੇ ਵੱਡੀ ਕਾਮਯਾਬੀ ਨਾਲ ਰਾਜ ਕਰਦੀਆਂ ਰਹੀਆਂ ਹਨ।

[ਗੁਰਮਤਿ ਪ੍ਰਕਾਸ਼, ਮਾਰਚ ੧੯੮੩



www.AKJ.Org

# ਅੰਮ੍ਰਿਤ-ਸ਼ਕਤੀ ਅਤੇ ਸਿੰਘ

[ਸ: ਦਾਨ ਸਿੰਘ ਜੀ ਕੋਮਲ]

ਬਾਟੇ ਲੋਹੇ ਦੇ ਵਿਚੋਂ ਫੌਲਾਦ ਲੈ ਕੇ,
ਨਿਰਮਲ ਜਲ ਵਿਚੋਂ ਪਵਿਤ੍ਰਤਾਈ ਲੈ ਕੇ।
ਜੌਹਰ ਖੰਡੇ ਤੋਂ ਮਿਠਤ ਪਤਾਸਿਆਂ ਤੋਂ,
'ਜਪੁਜੀ' ਸਾਹਿਬ ਤੋਂ, ਨਾਮ ਵਡਿਆਈ ਲੈ ਕੇ।
ਲੈ ਕੇ ਖੁਸ਼ੀ ਤੇ ਖੇੜਾ 'ਅਨੰਦ' ਵਿਚੋਂ,
'ਜਾਪ' ਸਾਹਿਬ ਤੋਂ ਸ਼ਕਤੀ ਕਰੜਾਈ ਲੈ ਕੇ।
ਲੈ ਕੇ ਸਿਦਕ ਵੈਰਾਗ 'ਸਵੱਈਆਂ' ਵਿਚੋਂ,
'ਚੌਪਈ' ਸਾਹਿਬ ਵਿਚੋਂ ਨਿੰਮ੍ਰਤਾਈ ਲੈ ਕੇ।
ਕਲਗੀਧਰ ਨੇ ਕੀਤਾ ਤਿਆਰ ਅੰਮ੍ਰਿਤ,
ਪੰਜਾਂ ਚੁਣਿਆਂ ਨੂੰ ਫੇਰ ਪਿਲਾ ਦਿੱਤਾ।
ਉਹਨਾਂ ਪੰਜਾਂ ਤੋਂ ਪੀ ਕੇ ਪਹੁਲ ਪਹਿਲਾਂ,
ਗੁਰੂ ਚੇਲੇ ਦਾ ਭੇਤ ਮਿਟਾ ਦਿੱਤਾ।

ਮੰਗ ਸਮੇਂ ਦੀ, ਮੌਜ ਪ੍ਰਮਾਤਮਾ ਦੀ,
ਅੰਮ੍ਰਿਤ ਪੀ ਕੇ ਸਿੱਖ-ਜਮਾਤ ਬਣ ਗਈ।
ਹਰ ਇਕ ਸਿੰਘ ਬਣਿਆ ਸਵਾ ਲੱਖ ਵਰਗਾ,
ਅੰਮ੍ਰਿਤ-ਦਾਤ ਐਸੀ ਕਰਾਮਾਤ ਬਣ ਗਈ।
ਗਿੱਦੜ ਸ਼ੇਰ ਬਣ ਗਏ, ਚਿੜੀਆਂ ਬਾਜ਼ ਬਣੀਆਂ,
ਕਾਲੀ ਰਾਤ ਵੀ ਨਵੀਂ ਪ੍ਰਭਾਤ ਬਣ ਗਈ।
ਊਚ ਨੀਚ ਮਿਟਿਆ, ਜ਼ਾਤ ਪਾਤ ਮੁੱਕੀ,
ਸਾਂਝੀ ਇਕੋ ਹੀ ਰੱਬ ਦੀ ਜ਼ਾਤ ਬਣ ਗਈ।
ਆਤਮਕ ਬਲ ਤੇ ਚੜ੍ਹਦੀਆਂ ਕਲਾਂ ਵਾਲੇ,
ਸਿੰਘ ਬਣੇ ਨਿਰਾਲੇ ਦਸਮੇਸ਼ ਵਰਗੇ।
ਸੂਰੇ, ਤੇਜ ਪਰਤਾਪੀ, ਮਨੁੱਖ, ਪੂਰਨ,
ਬਾਦਸ਼ਾਹ ਤੇ ਗੁਰੂ-ਦਰਵੇਸ਼ ਵਰਗੇ।

ਅੰਮ੍ਰਿਤ ਪੀ ਕੇ ਖਾਲਸਾ ਅਮਰ ਹੋਇਆ,
ਨਾਹੀ ਹਾਰ ਸਕਿਆ, ਨਾ ਹੀ ਝੁੱਕ ਸਕਿਆ।
ਬੂਟਾ ਧਰਮ ਦਾ ਖੂੰਨ ਦੇ ਨਾਲ ਪਲਿਆ;
ਨਾ ਹੀ ਢਹਿ ਸਕਿਆ, ਨਾ ਹੀ ਸੁੱਕ ਸਕਿਆ।
ਸੂਰਬੀਰਾਂ ਦਾ ਕਾਫ਼ਲਾ, ਠੀਕ ਰਾਹੋਂ,
ਨਾ ਹੀ ਉੱਕ ਸਕਿਆ, ਨਾ ਹੀ ਰੁੱਕ ਸਕਿਆ।

ਕਿਸੇ ਸਮੇਂ ਜ਼ਰੂਰ ਇਹ ਘਟ ਗਿਆ ਸੀ,
ਪਰ ਨਾ ਮਰ ਸਕਿਆ, ਨਾਹੀ ਮੁੱਕ ਸਕਿਆ।
ਸੱਠ ਵਰ੍ਹੇ, ਦੁੱਖ ਜਰੇ, ਨਾ ਈਨ ਮੰਨੀ,
ਧਰਮ ਛੱਡਣਾ ਨਹੀਂ ਕਬੂਲਿਆ ਸੀ।
ਆਖ਼ਰ ਜਮਨਾ ਤੋਂ ਲੈ ਕੇ ਜਮਰੌਦ ਤੀਕਰ,
ਸਿਖ-ਰਾਜ ਦਾ ਕੇਸਰੀ ਝੂਲਿਆ ਸੀ।

ਅੰਮ੍ਰਿਤ-ਸ਼ਕਤੀ ਹੀ ਸੀ ਕਿ ਸਿੰਘ ਚਾਲੀ,
ਦਸ ਲੱਖ ਫ਼ੌਜ ਦੇ ਅੱਗੇ ਸੀ ਅੜ ਸਕੇ।
ਅੰਮ੍ਰਿਤ-ਕ੍ਰਿਸ਼ਮਾ ਹੀ ਸੀ ਕਿ ਦੀਪ ਸਿੰਘ ਜੀ ਵੀ,
ਸੀਸ ਤਲੀ ਤੇ ਰੱਖ ਕੇ ਲੜ ਸੱਕੇ।
ਬੰਦ ਬੰਦ ਕਟਵਾਏ, ਲੁਹਾਏ ਖੋਪਰ,
ਤਨ ਤੁੜਵਾਏ ਤੇ ਚਰਖੜੀ ਚੜ੍ਹ ਸੱਕੇ।
ਪਾ ਕੇ ਸਿਰਾਂ ਦੇ ਮੁੱਲ ਵੀ ਖਾਲਸੇ ਨੂੰ,
ਜ਼ਾਲਮ ਧਰਮ ਤੋਂ ਲਾਂਭੇ ਨਾ ਖੜ ਸੱਕੇ।
'ਬੰਦੇ' ਨਾਲ ਸੀ ਫੜੇ ਗਏ ਸਿੰਘ ਅੱਠ ਸੌ,
ਐਪਰ ਧਰਮ ਤੋਂ ਇੱਕ ਵੀ ਡੋਲਿਆ ਨਾ।
ਰੋਜ਼ ਦਿੱਲੀ ਵਿਚ ਸੌ ਸੌ ਸ਼ਹੀਦ ਹੋਏ,
ਮੂੰਹੋਂ 'ਸੀ' ਪਰ ਕੋਈ ਵੀ ਬੋਲਿਆ ਨਾ।

ਪਏ ਸਿੰਘਾਂ ਦੇ ਸਿਰਾਂ ਦੇ ਮੁੱਲ ਭਾਵੇਂ,
ਤਾਂ ਵੀ ਕਰਦੇ ਉਪਕਾਰ ਨਾ ਰੱਜਦੇ ਰਹੇ।
ਧਰਮ ਵਾਸਤੇ ਰਹੇ ਸ਼ਹੀਦ ਹੁੰਦੇ,
ਦੇਸ਼ ਵਾਸਤੇ ਰਣ ਵਿਚ ਗੱਜਦੇ ਰਹੇ।
ਹਿੰਦੂ ਲੜਕੀਆਂ ਖੋਹ ਕੇ ਜ਼ਾਲਮਾਂ ਤੋਂ,
ਪਰਦੇ ਹਿੰਦ ਨਿਮਾਣੀ ਦੇ ਕੱਜਦੇ ਰਹੇ।
ਏਦਾਂ ਪੱਤ ਬਚਾਉਂਦੇ ਸੀ ਸਿੰਘ ਓਦੋਂ,
ਹੱਥ ਲਾ ਕੰਨੀਂ ਵੈਰੀ ਭੱਜਦੇ ਰਹੇ।
ਐਸੇ ਸਿੰਘਾਂ ਨੇ ਹੱਸ ਕੇ ਮੌਤ ਨੂੰ ਵੀ,
ਕਰ ਕੇ ਟਿਚਕਰਾਂ, ਸਵੈ-ਵਿਸ਼ਵਾਸ ਰੱਖਿਆ।
ਖ਼ੂੰਨ ਡੋਲ੍ਹ ਰਵਾਇਤਾਂ ਨੂੰ ਕਾਇਮ ਕੀਤਾ,
ਜੀਊਂਦਾ ਸਿੱਖੀ ਦਾ ਰੌਸ਼ਨ ਇਤਿਹਾਸ ਰਖਿਆ।



www.AKJ.Org

# ਸੂਰਾ ਸੋ ਪਹਿਚਾਨੀਐ

[ਸ: ਸਰੂਪ ਸਿੰਘ ਜੀ ਦਰਵੇਸ਼, ਖੰਨਾ

'ਸੂਰਾ' ਓਸ ਨੂੰ ਆਖਦੇ ਜਗ ਅੰਦਰ, ਲੜੇ ਸਦਾ ਹੀ ਦੀਨ ਕੇ ਹੇਤ ਸਿੰਘੋ ।
ਪੁਰਜਾ ਪੁਰਜਾ ਸਰੀਰ ਦਾ ਹੋ ਜਾਵੇ, ਸੂਰਾ ਛਡੇ ਨਾ ਕਦੇ ਵੀ ਖੇਤ ਸਿੰਘੋ ।
ਰਹਿਣੀ ਰਹੇ ਸੋਈ ਹੈ ਸਿੰਘ ਸੂਰਾ, ਅਨਿਕ ਬਖ਼ਸ਼ਸ਼ਾਂ ਗੁਰੂ ਜੀ ਦੇਤ ਸਿੰਘੋ ।
ਕਾਮ ਕ੍ਰੋਧ ਤੇ ਲੋਭ ਨੂੰ ਮਾਰ ਦੇਵੇ, ਮੋਹ ਹੰਕਾਰ ਤੋਂ ਸੂਰਾ ਹੈ ਜੇਤ ਸਿੰਘੋ ।
ਅੰਮ੍ਰਿਤ ਵੇਲੇ ਹੀ ਸੂਰਾ ਇਸ਼ਨਾਨ ਕਰਦੈ, ਪ੍ਰੀਤ ਕਰੇ ਨਿਤਨੇਮ ਨੂੰ ਨੇਤ ਸਿੰਘੋ ।
ਰਹਿਤ ਰਖਦਾ, ਕਰੇ ਉਪਕਾਰ ਸੂਰਾ, ਜਸ ਦੁਨੀਆ ਅੰਦਰ ਹੈ ਲੇਤ ਸਿੰਘੋ ।
ਦੇਸ਼ ਕੌਮ ਦੀ ਸੇਵਾ ਜੋ ਕਰੇ ਸੂਰਾ, ਪਾਉਂਦਾ ਵਾਹਿਗੁਰੂ ਵਾਲਾ ਹੈ ਭੇਤ ਸਿੰਘੋ ।
ਪੰਜਾਂ ਕਕਾਰਾਂ ਦਾ ਧਾਰਨੀ ਹੋ ਕੇ ਤੇ, ਚਵਾਂ ਕੁਰਹਿਤਾਂ ਵਲੋਂ ਰਹਿੰਦਾ ਸੁਚੇਤ ਸਿੰਘੋ ।
ਸਿਮਰਨ ਕਰਦਾ ਨਿਰਮਲ ਹੋ ਜਾਏ ਸੂਰਾ, ਮਨ ਬਦੀਆਂ ਬਦ-ਅਮਲਾਂ ਤੋਂ ਦੂਰ ਰਹਿੰਦਾ ।
ਦਰਵੇਸ਼ ਬਣ ਕੇ ਦਵੈਤ ਨਾ ਰਖੇ ਸੂਰਾ, ਸਰਬੱਤ ਭਲੇ ਲਈ ਦਿਲ ਭਰਪੂਰ ਰਹਿੰਦਾ ।
'ਚੜ੍ਹੇ ਚਰਖੜੀ ਹੱਸ ਕੇ' ਸੋ ਸੂਰਾ, ਬੰਦ ਬੰਦ ਦੇ ਤਾਈਂ ਕਟਾਂਵਦਾ ਏ ।
ਲਹੇ ਖੋਪਰੀ 'ਸੀ' ਨਾ ਕਰੇ ਸੂਰਾ, ਦੇਗ ਉਬਲ ਕੇ ਨਾਮ ਧਿਆਂਵਦਾ ਏ ।
ਸਵਾ ਲਖ ਦੇ ਟਾਕਰੇ 'ਚ ਡਟੇ ਸੂਰਾ, 'ਅਕਾਲ' 'ਅਕਾਲ' ਹੀ ਮੁਖੋਂ ਅਲਾਂਵਦਾ ਏ ।
ਸੀਸ ਤਲੀ ਤੇ ਰਖ ਕੇ ਲੜੇ ਸੂਰਾ, ਪ੍ਰਣ ਆਪਣਾ ਤੋੜ ਨਿਭਾਂਵਦਾ ਏ ।
ਦੇਹੀ ਕੰਧਾਂ ਦੇ ਵਿਚ ਚਿਣਾਏ ਸੂਰਾ, ਗੁਰ-ਚਰਨਾਂ ਤਾਈਂ ਪ੍ਰੀਤ ਲਗਾਂਵਦਾ ਏ ।
ਭਾਣੇ ਅੰਦਰ ਹੀ ਰਹੇ ਹਮੇਸ਼ ਸੂਰਾ, ਵਹਿਮਾਂ ਭਰਮਾਂ ਨੂੰ ਦਿਲੋਂ ਕਢ ਪਾਂਵਦਾ ਏ ।
ਇਕ-ਮਨ ਹੋ ਗੁਰਾਂ ਦਾ ਜਾਪ ਜਪਦੈ, ਸੂਰਾ ਓਹੋ ਹੀ ਜੱਗ ਕਹਾਵਦਾ ਏ ।
ਸਿਰ 'ਮੱਸੇ' ਦਾ ਲਾਹੁੰਦਾ ਆਣ 'ਸੂਰਾ', ਗੁਰ-ਧਾਮ ਨੂੰ ਪਵਿਤਰ ਕਰਾਂਵਦਾ ਏ ।
ਆਪਾ ਤਿਆਗ ਕੇ ਸਦਾ ਹੀ ਹੁਕਮ ਮੰਨੇ, ਦੀਨਾਂ ਦੁਖੀਆਂ ਦੀ ਉਹ ਹੈ ਸਾਰ ਲੈਂਦਾ ।
'ਦਰਵੇਸ਼' ਜਦੋਂ ਵੀ ਪੰਥ ਨੂੰ ਲੋੜ ਪਵੇ, ਸੂਰਾ ਆਪਣਾ ਸੀਸ ਵੀ ਵਾਰ ਲੈਂਦਾ ।

---

ਖ਼ੂਨੀ ਵਰਕੇ ਇਤਿਹਾਸ ਦੇ ਦੱਸਦੇ ਨੇ,
ਸਿੰਘਾਂ ਮਾਨਤਾ ਦਿੱਤੀ ਕੁਰਬਾਨੀਆਂ ਨੂੰ ।
ਅੰਮ੍ਰਿਤ-ਧਾਰੀਆਂ ਰਖ ਵਿਖਾ ਦਿੱਤੀ,
ਠਲ੍ਹ ਪਾਈ ਲੁਟੇਰੇ ਅਫ਼ਗਾਨੀਆਂ ਨੂੰ ।
ਚੰਨੇ ਲੋਹੇ ਦੇ ਚੰਗੇ ਚਬਾਏ ਸਿੰਘਾਂ,
ਫੜ ਅਬਦਾਲੀਆਂ ਅਤੇ ਦੁਰਾਨੀਆਂ ਨੂੰ ।
ਅਜੇ ਕਲ੍ਹ ਹੀ ਜਿਹੜੀ ਸੀ ਮਾਰ ਮਾਰੀ,
ਕਦੋਂ ਭੁੱਲਣੀ ਏਂ ਪਾਕਿਸਤਾਨੀਆਂ ਨੂੰ ।
ਰਾਖੇ ਹਿੰਦ ਦੀ ਲਾਜ ਤੇ ਪੱਤ ਦੇ ਇਹ,
ਸ਼ੇਰਾਂ ਵਾਂਗਰਾਂ ਨੇ ਸ਼ਕਤੀਵਾਨ ਦਿਸਦੇ ।
ਰਹਿੰਦੇ ਵਿਸ਼ੇ ਵਿਕਾਰਾਂ ਤੋਂ ਦੂਰ ਹਰ ਦਮ,
ਏਸੇ ਲਈ ਨੇ ਹੰਸਾਂ ਸਮਾਨ ਦਿਸਦੇ ।

ਸਿੰਘਾਂ ਵਿਚੋਂ ਦਸਮੇਸ਼ ਦਾ ਰੂਪ ਦਿਸਦੈ,
ਇਕ ਰੱਬ ਤੋਂ ਹੈਨ ਇਹ ਡਰਨ ਵਾਲੇ ।
ਆਤਮ-ਗਿਆਨੀ, ਨਿਰਲੇਪ ਤੇ ਰਾਜ-ਯੋਗੀ,
ਹਾਮੀ ਸਦਾ ਗੁਰਬਾਣੀ ਦੀ ਭਰਨ ਵਾਲੇ ।
ਜੀਵਨ-ਮੌਤ ਨੂੰ ਇਕੋ ਜਿਹਾ ਸਮਝਦੇ ਨੇ,
ਦੁੱਖ ਸੁੱਖ ਨੂੰ ਹੱਸ ਕੇ ਜਰਨ ਵਾਲੇ ।
ਹਰਦਮ ਰਹਿਣ ਤਿਆਰ ਕੁਰਬਾਨੀਆਂ ਨੂੰ;
ਸਿਰ ਸਿਦਕ ਲਈ ਤਲੀ ਤੇ ਧਰਨ ਵਾਲੇ ।
ਸੂਰਬੀਰ, ਸ੍ਰੇਸ਼ਟ, ਸ਼੍ਰੋਮਣੀ ਇਹ,
ਪਰ-ਉਪਕਾਰ ਤੇ ਕਰਨੀਆਂ ਕਰਨ ਵਾਲੇ ।
ਕੋਮਲ' ! ਦੱਸ, ਮਨੁੱਖ ਕਿ ਰੱਬ ਨੇ ਇਹ,
ਅਣਖ ਨਾਲ ਜੀਊਣ ਤੇ ਮਰਨ ਵਾਲੇ ।

[ਪੁਸਤਕ "ਰਤੇ ਇਸ਼ਕ ਖੁਦਾਇ" ਵਿਚੋਂ]

www.AKJ.Org

# ਸੰਤ ਕਾ ਮਾਰਗ–(੨)

[ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਸਤਿਗੁਰੂ ਸਾਹਿਬਾਨ ਨੇ ਗੁਰਮਤਿ ਅਨੁਸਾਰ 'ਧਰਮ' ਦੀ ਜੋ ਪ੍ਰੀਭਾਸ਼ਾ ਕੀਤੀ ਹੈ, ਉਹ ਸਰਬ ਮਾਨਵ ਧਰਮ ਹੈ। ਸਾਡੀ ਮਨੁੱਖ ਜਾਤੀ ਲਈ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਹੀ ਸਭ ਤੋਂ ਸ੍ਰੇਸ਼ਟ ਨਿਸ਼ਾਨਾ ਕਲਪਿਆ ਜਾ ਸਕਦਾ ਹੈ। ਇਸ ਤੋਂ ਉਰੇ ਉਰੇ ਸਮੂਹ ਕਰਮ ਧਰਮ ਸੱਚ ਤੋਂ ਉਰੇ ਹੀ ਰਹਿ ਜਾਂਦੇ ਹਨ। ਸਿਰੀ ਰਾਗ ਪੰਨਾ ੬੨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੋ ਫੁਰਮਾਇਆ ਹੈ :

ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥........
ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥

ਭਾਵ, ਪ੍ਰਭੂ-ਨਾਮ ਨੂੰ ਛਡ ਕੇ ਹੋਰ ਜਿਤਨੇ ਪ੍ਰਕਾਰ ਦੇ ਕਰਮ-ਧਰਮ ਹਨ, ਸਭ ਸਚ ਤੋਂ ਉਰੇ ਰਹਿ ਜਾਂਦੇ ਹਨ। ਅਤੇ ਇਨ੍ਹਾਂ ਕਰਮਾਂ ਧਰਮਾਂ ਤੋਂ ਉੱਪਰ ਕੇਵਲ ਸਚ ਹੈ, ਜਾਂ ਸਚ ਦੀ ਸਿਫਤ ਸਲਾਹ ਹੈ (ਅਚਾਰ)।

ਵੇਦਾਂਤ ਅਤੇ ਗੀਤਾ ਅੰਦਰ ਮਨੁੱਖ ਦਾ ਅੰਤਮ ਨਿਸ਼ਾਨਾ ਮੁਕਤੀ ਹੈ, ਸਚ ਵਿੱਚ ਲੀਨ ਹੋਣਾ ਨਹੀਂ। ਗੀਤਾ ਕਰਮ-ਭੋਗ ਤੇ ਜ਼ੋਰ ਦਿੰਦੀ ਹੈ, ਗੁਰਮਤਿ ਰਜ਼ਾ ਵਿੱਚ ਰਾਜ਼ੀ ਰਹਿਣਾ ਦ੍ਰਿੜ੍ਹਾਉਂਦੀ ਹੈ। ਮੁਕਤੀ ਨਿਜ ਸਵਾਰਥ ਹੈ। ਇਹ ਮਾਰਗ ਹੀ ਹੋਰ ਹੈ। ਮੁਕ੍ਰਤ ਪ੍ਰਾਣੀ ਕੇਵਲ ਕਰਮਾਂ ਦੇ ਫਲ ਭੋਗਣ ਲਈ ਜੀਉਂਦਾ ਹੈ। ਪਰਉਪਕਾਰ ਨਹੀਂ ਕਰਦਾ, ਮਤਾਂ ਫੇਰ ਫਲ ਭੋਗਣਾ ਪਵੇ। ਗੁਰਮਤਿ ਦਾ "ਬ੍ਰਹਮ-ਗਿਆਨੀ ਪਰਉਪਕਾਰ ਉਮਾਹਾ" ਹੋ ਨਿਬੜਦਾ ਹੈ। "ਨਾਨਕ ਭਗਤਾ ਭੁਖ ਸਾਲਾਹਣੁ" ਹੁੰਦੀ ਹੈ ਤੇ ਉਹਨਾਂ ਦਾ 'ਸਚੁ ਨਾਮੁ ਆਧਾਰੁ' ਹੁੰਦਾ ਹੈ। (ਵਾਰ ਆਸਾ ਮ: ੧–੪੬੬)

ਸੰਤ ਕੇ ਮਾਰਗ ਦੇ ਪਾਂਧੀ ਬਣਨ ਲਈ ਹਰ ਪ੍ਰਾਣੀ ਨੂੰ ਕੁਝ ਧਾਰਨ ਕਰਨ ਦਾ ਉਪਦੇਸ਼ ਹੈ ਤੇ ਕੁਝ ਤਿਆਗਣ ਦਾ। ਸਭ ਤੋਂ ਪਹਿਲਾਂ, ਪ੍ਰਾਣੀ ਸੱਚ ਨੂੰ ਹਿਰਦੇ ਅੰਦਰ ਵਸਾਣ ਦਾ ਆਪਣੇ ਮਨ ਨਾਲ ਫ਼ੈਸਲਾ ਕਰੇ। ਉਹ ਆਸਤਕ ਭਾਵ ਵਾਲਾ ਬਣੇ।

ਵਾਹਿਗੁਰੂ ਜੀ ਤੋਂ ਬੇਮੁਖ ਪ੍ਰਾਣੀ ਸੰਤ ਕੇ ਮਾਰਗ ਤੇ ਚਲ ਕੇ ਕੀ ਪ੍ਰਾਪਤ ਕਰੇਗਾ ? ਉਸ ਨੂੰ ਉਹਨਾਂ ਦੀ ਸੰਗਤ ਪ੍ਰਾਪਤ ਹੋਵੇਗੀ, ਜੋ ਉਸ ਸਾਈਂ ਦੇ ਰੰਗ ਵਿੱਚ ਰੱਤੇ ਹੋਏ ਹਨ। ਸਤਿ-ਪੁਰਸ਼ਾਂ ਦੀ ਸੰਗਤ ਨਾਲ ਉਸ ਦੇ ਕਠੋਰ ਮਨ ਅੰਦਰ ਸੱਚ ਲਈ ਸਤਿਕਾਰ ਪੈਦਾ ਹੋਵੇਗਾ।

(੧) ਇਸ ਲਈ ਸਭ ਤੋਂ ਪਹਿਲੀ ਪਉੜੀ ਇਸ ਮਾਰਗ ਦੀ ਹੈ ਸਾਧ ਸੰਗਤ, ਸਤਿ-ਪੁਰਸ਼ਾਂ ਦੀ, ਗੁਰਮੁਖਾਂ ਦੀ ਸੰਗਤ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਸਾਧ-ਸੰਗਤ ਕਰਨ ਤੇ ਬੜਾ ਜ਼ੋਰ ਦਿੰਦੇ ਹਨ। ਜਾਪਦਾ ਹੈ ਉਸ ਸਮੇਂ ਤੋਂ ਗੁਰੂ ਮਾਰਗ ਦੇ ਧਾਰਨੀ ਪ੍ਰੇਮੀਆਂ ਅੰਦਰ, ਸਾਧ ਸੰਗਤ ਵਿੱਚ ਨਿਤਾ-ਪ੍ਰਤੀ ਹਾਜ਼ਰੀ ਭਰਨ ਦਾ ਸੁਭਾਗਾ ਨਿਤਨੇਮ ਉਸਰਿਆ ਹੈ। ਅਤੇ ਇਹ ਹੁਣ ਤਕ ਸੰਤ ਕੇ ਮਾਰਗ ਤੇ ਚਲਣ ਵਾਲੇ ਹਰਿ ਨਾਮ ਦੇ ਵਣਜਾਰਿਆਂ ਦੀ ਸੁੰਦਰ ਰੀਤ ਬਣੀ ਹੋਈ ਹੈ–

ਸਾਧ ਸੰਗਤਿ ਸਚਖੰਡ ਵਿਚਿ ਸਤਿਗੁਰ ਪੁਰਖ ਵਸੈ ਨਿਰੰਕਾਰਾ ॥

ਭਾਈ ਗੁਰਦਾਸ ਜੀ ਵਾਰ ੬, ਪਉੜੀ ੫



www.AKJ.Org

ਗੁਰੂ ਦੁਆਰੇ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ ॥ (ਵਾਰ ੬, ਪਉੜੀ-੧੩

ਗੁਰੂ ਅਰਜਨ ਦੇਵ ਜੀ ਉਹਨਾਂ ਨੂੰ ਸੋਹਣੇ ਤੇ ਸੁੰਦਰ ਆਖਦੇ ਹਨ–

ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥
ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥ (ਮਾਝ ਮ: ੫–੧੩੨)

ਕਿਉਂਕਿ ਸਤਿਸੰਗਤ ਹੀ ਇਕ ਅਜਿਹਾ ਅਸਥਾਨ ਹੈ ਜਿਥੇ ਸੱਚ-ਧਰਮ ਦੀ ਸੱਚੀ ਕਾਰ ਕੀਤੀ ਜਾਂਦੀ ਹੈ–

ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
(ਸਿਰੀ ਰਾਗ ਮ: ੧–੭੨)

ਸਤਿਸੰਗਤ ਦੀ ਨਿਤਾਪ੍ਰਤੀ ਹਾਜ਼ਰੀ ਭਰਨ ਨਾਲ ਮਨ ਅੰਦਰ ਦੋ ਗੁਣ ਪੈਦਾ ਹੋਣੇ ਸੁਭਾਵਕ ਹਨ : ਗੁਰੂ ਅਕਾਲ ਪੁਰਖ ਲਈ ਭੈ-ਭਾਵਨੀ, ਅਤੇ ਉਸ ਦੀ ਹਜ਼ੂਰੀ ਦਾ ਅਹਿਸਾਸ।

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ, ਹਰਿ ਵੇਖੈ ਰਾਮੁ ਹਦੂਰੇ ॥
(ਸੂਹੀ ਮ: ੪–੭੭੩-੭੪)

ਗੁਰੂ ਅਕਾਲ ਪੁਰਖ ਦੇ ਭੈ ਤੋਂ ਬਿਨਾਂ ਸਚ-ਅਚਾਰ ਅਧੂਰਾਂ ਅਤੇ ਕੱਚਾ ਹੈ। ਇਸ ਤੋਂ ਬਿਨਾਂ ਮਨੁੱਖ ਦੀ ਅਧਿਆਤਮਕ ਉਸਾਰੀ ਕੱਚੀ ਰਹਿ ਜਾਂਦੀ ਹੈ।

ਭੈ ਬਿਨੁ ਘਾੜਤ ਕਚੁ ਨਿਕਚ ॥੨॥ (ਗਉੜੀ ਮ: ੧–੧੫੧)

ਸੋ ਇਹ 'ਨਿਰਮਲ ਭਉ' ਕੇਵਲ ਸਤਸੰਗੀਆਂ ਦੀ ਸੰਗਤ ਵਿੱਚ ਹੌਲੀ ਹੌਲੀ ਗੁਰੂ-ਕਿਰਪਾ ਨਾਲ ਹਿਰਦੇ ਅੰਦਰ ਵਸ ਜਾਂਦਾ ਹੈ।

(੨) ਸੰਤ ਗੁਰੂ ਦੇ ਮਾਰਗ ਦੀ ਪਉੜੀ ਦਾ ਦੂਜਾ ਚਰਨ ਹੈ ਗੁਰੂ ਪੰਥ ਦੀ ਮਰਯਾਦਾ ਅਨੁਸਾਰ ਦੀਖਿਅਤ ਹੋਣਾ। ਗੁਰੂ ਵਾਲੇ ਬਣ ਕੇ ਹੀ ਗੁਰੂ ਦੀ ਕਿਰਪਾ 'ਪ੍ਰਸਾਦੁ' ਦੇ ਸੁਪਾਤਰ ਬਣ ਸਕੀਦਾ ਹੈ। ਇਤਿਹਾਸ ਦਸਦਾ ਹੈ ਕਿ ਸਤਿਗੁਰੂ ਸਾਹਿਬਾਨ ਦੇ ਸਮੇਂ ਭੀ ਐਸੇ ਲੋਕ ਸਨ ਜੋ ਗੁਰੂ ਸਾਹਿਬ ਤੋਂ ਚਰਨ-ਪਾਹੁਲ ਜਾਂ ਖੰਡੇ ਦੀ ਪਾਹੁਲ ਲਏ ਬਿਨਾਂ ਆਪਣੀ ਮਨ-ਮਰਜ਼ੀ ਨਾਲ ਉਨ੍ਹਾਂ ਦੇ ਨਾਮ-ਮਾਰਗ ਤੇ ਚਲਣ ਦੀ ਮਨਮਰਜ਼ੀ ਕਰਦੇ ਰਹੇ। ਅੱਜ ਵੀ ਕਈ ਬਹੁਤੇ ਸਿਆਣੇ ਸਤਿਗੁਰੂ ਜੀ ਦੀ ਦ੍ਰਿੜ੍ਹਾਈ ਖਾਲਸਈ ਮਰਯਾਦਾ ਅਨੁਸਾਰ ਦੀਖਿਅਤ ਹੋਣ ਤੋਂ ਸੰਕੋਚ ਕਰਦੇ ਹਨ, ਉਂਜ ਉਹ ਕੇਸਾਧਾਰੀ ਸਰੂਪ ਅਤੇ ਹੋਰ ਕਈ ਗੁਰਮਤਿ ਸਿਧਾਂਤਾਂ ਨੂੰ ਮੰਨਦੇ ਹਨ। ਉਹ ਆਪੋ ਆਪਣੀ ਮਨ-ਮਰਜ਼ੀ ਅਨੁਸਾਰ ਸੰਤ ਕੇ ਮਾਰਗ ਤੇ ਤੁਰਨ ਦਾ ਨਿਸਚਾ ਕਰੀ ਬੈਠੇ ਹਨ। ਬਾਣੀ ਵਿੱਚ ਚਿਤਾਵਨੀ ਦਿਤੀ ਗਈ ਹੈ–

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ ॥੧॥
(ਸੋਰਠਿ ਮ: ੩––੬੦੧-੦੨)

ਇਸ ਲਈ ਸੰਤ ਗੁਰੂ ਦੇ ਮਾਰਗ ਤੇ ਚੱਲਣ ਲਈ ਪਹਿਲਾਂ ਗੁਰੂ ਪੰਥ ਦੀ ਮਰਯਾਦਾ ਅਨੁਸਾਰ ਦੀਖਿਅਤ ਹੋਣਾ ਜ਼ਰੂਰੀ ਹੈ।

ਇਥੇ ਚੇਤੇ ਕਰਾਇਆ ਜਾਂਦਾ ਹੈ ਕਿ ਸਤਿਗੁਰੂ ਸਾਹਿਬਾਨ ਨੇ ਦਸ ਜਾਮਿਆਂ ਵਿੱਚ ਇਸ ਮਾਰਗ ਦੇ ਪਾਂਧੀਆਂ ਨੂੰ ਸ਼ਬਦ ਦੇ ਲੜ ਲਾਣ ਦਾ ਜਤਨ ਕੀਤੈ। ਅਤੇ ਸਪਸ਼ਟ ਸ਼ਬਦਾਂ ਵਿੱਚ ਫੁਰਮਾਇਆ ਕਿ ਸ਼ਬਦ ਹੀ



www.AKJ.Org

ਗੁਰੂ ਹੈ। ਬਾਣੀ ਹੀ ਗੁਰੂ ਹੈ। ਦੇਹ ਗੁਰੂ ਨਹੀਂ ਹੋ ਸਕਦੀ, ਕਿਉਂਕਿ ਦੇਹ ਨਾਸ਼ਮਾਨ ਹੈ। ਸ਼ਬਦ ਅਥਵਾ ਬਾਣੀ ਅਬਿਨਾਸ਼ੀ ਹੈ। ਸ਼ਾਇਦ ਸਿੱਧਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰ ਦੀ ਸਮਝ ਨਹੀਂ ਸੀ ਪਈ। ਹੁਣ ਭੀ ਸਾਡੇ ਬੁਧੀ-ਜੀਵੀਆਂ ਨੂੰ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (ਸਿਧ ਗੋਸਟ–੯੪੩) ਦੇ ਅੰਤਰੀਵ ਭਾਵ ਦੀ ਸੋਝੀ ਨਹੀਂ ਹੋ ਸਕੀ। ਨਾ ਸਾਨੂੰ ਸੁਰਤਿ ਦਾ ਗਿਆਨ ਹੈ ਕਿ ਸਾਡੀ ਸੁਰਤਿ ਦੀ ਕੀ ਦਸ਼ਾ ਹੈ। ਨਾ 'ਧੁਨਿ' ਦੀ ਸੋਝੀ ਹੈ, ਜਿਸ ਦਾ ਸੁਰਤਿ ਨੇ ਚੇਲਾ ਬਣਨਾ ਹੈ। ਸਾਡੇ ਪੱਧਰ ਤੇ ਸਮਝਣ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਫੁਰਮਾਨ ਬੜੇ ਹੀ ਆਸਾਨ ਹਨ–

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥੫॥ (ਨਟ ਮ: ੪–੯੮੨)

ਜਾਂ ਗੁਰੂ ਅਮਰਦਾਸ ਜੀ ਦੇ ਫੁਰਮਾਨ ਅਨੁਸਾਰ :–

ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ ॥੧॥੧੮॥
(ਗੂਜਰੀ ਕੀ ਵਾਰ ਮ: ੩–੫੧੫)

ਇਸ ਲਈ ਦੇਹ-ਧਾਰੀ ਗੁਰੂਆਂ ਦਾ ਤਿਆਗ ਕਰਨਾ ਹੀ ਪ੍ਰਗਟ-ਪਹਾਰੇ ਸਿਧ ਹੁੰਦਾ ਹੈ। ਕੇਵਲ ਗੁਰਬਾਣੀ ਹੀ ਸਤਿ ਸਰੂਪ ਹੈ, ਗੁਰੂ ਰੂਪ ਹੈ, ਇਸ ਦੀ ਅਗਵਾਈ ਹੇਠ ਹੀ ਆਤਮਕ ਸਫ਼ਰ ਤੈਅ ਕਰਨਾ ਹੈ।

(੩) ਸਤਿਗੁਰੂ ਦੇ ਮਾਰਗ ਦਾ ਤੀਸਰਾ ਚਰਨ ਹੈ ਨਾਮ ਜਪਣਾ। ਦੀਖਿਅਤ ਹੋ ਕੇ ਨਾਮ ਜਪਣਾ ਕੁਝ ਹੋਰ ਗੱਲ ਹੈ। ਕਈ ਸਜਣ ਅਣ-ਦੀਖਿਅਤ ਹੀ ਨਾਮ ਜਪਦੇ ਹਨ, ਤੇ ਉਹ ਦਾਅਵਾ ਕਰਦੇ ਹਨ ਕਿ ਉਹ ਕਈ ਦੀਖਿਅਤ ਨਾਮ-ਅਭਿਆਸੀਆਂ ਨਾਲੋਂ ਚੰਗੇ ਹਨ। ਸਤਿਗੁਰੂ ਸਾਹਿਬਾਂ ਨੇ ਦੀਖਿਅਤ ਹੋਣ ਦੀ ਜੋ ਮਰਯਾਦਾ ਬੰਨ੍ਹੀ ਹੈ, ਉਹ ਐਵੇਂ ਤਾਂ ਨਹੀਂ ਬੰਨ੍ਹੀ। ਇਸ ਵਿਚਲੇ ਭੇਦ ਨੂੰ ਸ੍ਰੀ ਗੁਰੂ ਜੀ ਆਪ ਹੀ ਖੋਲ੍ਹਦੇ ਹਨ :–

ਰਵਨੀ ਰਵੈ ਬੰਧਨ ਨਹੀ ਤੂਟਹਿ, ਵਿਚਿ ਹਉਮੈ ਭਰਮੁ ਨ ਜਾਈ ॥
ਸਤਿਗੁਰੁ ਮਿਲੈ ਤ ਹਉਮੈ ਤੂਟੈ, ਤਾ ਕੋ ਲੇਖੈ ਪਾਈ ॥੨॥੧੬॥ (ਆਸਾ ਮ: ੧–੩੫੩)

ਗੁਰੂ ਅਮਰਦਾਸ ਜੀ ਆਪਣਾ ਨਿਜੀ ਅਨੁਭਵ ਦਸਦੇ ਹਨ :–

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥
ਗੁਰੂ ਦੁਆਰੈ ਹੋਇ ਕੈ, ਸਾਹਿਬੁ ਸੰਮਾਲੇਹੁ ॥੨॥੧੫॥
(ਬਿਹਾਗੜੇ ਕੀ ਵਾਰ ਮ: ੩–੫੫੪)

ਪੰਜਾਂ ਪਿਆਰਿਆਂ ਵਲੋਂ ਜੋ ਗੁਰ-ਮੰਤਰ ਦ੍ਰਿੜ੍ਹ ਕਰਾਇਆ ਜਾਂਦ ਹੈ, ਕੇਵਲ ਉਸੇ ਨਾਮ ਦਾ ਹੀ ਜਾਪ ਕਰਨਾ ਹੈ। ਅਤੇ ਨਾਮ ਸਿਮਰਨ ਦੇ ਇਸ ਜਾਪ ਨੂੰ ਪੂਰਨ ਨਿਸ਼ਚੇ ਨਾਲ ਜਪਣਾ ਅਤੀ ਜ਼ਰੂਰੀ ਹੈ।

ਕਹੁ ਨਾਨਕ ਨਿਹਚਉ ਧਿਆਵੈ ॥
ਵਿਣੁ ਸਤਿਗੁਰ ਵਾਟਿ ਨ ਪਾਵੈ ॥੨॥੧੪॥ (ਆਸਾ ਕੀ ਵਾਰ ਮ: ੧–੪੭੦)

ਭਗਤ ਜਨ ਤਾਂ ਅਟੱਲ ਵਿਸ਼ਵਾਸ ਨਾਲ ਹੀ ਨਾਮ ਜਪਦੇ ਹਨ। ਅਤੇ ਉਹ ਇਸੇ ਆਸ ਤੇ ਹੀ ਜੀਉਂਦੇ ਹਨ।

ਸੁੰਦਰ ਸੁਆਮੀ ਧਾਮੁ, ਭਗਤਹ ਬਿਸ੍ਰਾਮ, ਆਸਾ ਲਗਿ ਜੀਵਤੇ ਜੀਉ ॥
ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ, ਹਰਿ ਅੰਮ੍ਰਿਤੁ ਪੀਵਤੇ ਜੀਉ ॥੩॥
(ਸਿਰੀ ਰਾਗ ਕੇ ਛੰਤ ਮ: ੫–੮੧-੮੨)

(੪) ਸੰਤ ਕੇ ਮਾਰਗ ਦੀ ਪਉੜੀ ਦਾ ਚੌਥਾ ਚਰਨ ਹੈ ਗੁਰੂ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣਾ। ਰਜ਼ਾ ਵਿਚ ਰਾਜ਼ੀ ਰਹਿਣ ਦੇ ਪੂਰਨੇ ਸਤਿਗੁਰੂ ਸਾਹਿਬਾਨ ਨੇ ਆਪਣੇ ਨਿਜੀ ਜੀਵਨ ਰਾਹੀਂ ਪਾਏ। ਪੰਚਮ ਪਾਤਸ਼ਾਹ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ, ਦਸਵੇਂ



www.AKJ.Org

ਪਾਤਸ਼ਾਹ ਦੇ ਸਮੂਹ ਪਰਵਾਰ ਦਾ ਸ਼ਹੀਦ ਹੋਣਾ ਜਾਂ ਕਸ਼ਟ ਝਲਣਾ ਪਰਗਟ ਕਰਦਾ ਹੈ ਕਿ ਉਹਨਾਂ ਨੇ ਆਪਣੇ ਸਿਖਾਂ ਨੂੰ ਇਸ ਕਦਰ ਕੁਰਬਾਨੀ ਦੇ ਕੇ ਵੀ ਰਜ਼ਾ ਵਿੱਚ ਰਾਜ਼ੀ ਰਹਿਣ ਦੇ ਪੂਰਨੇ ਪਾ ਕੇ ਦੱਸੇ।

ਰਜ਼ਾ ਵਿੱਚ ਰਹਿਣ ਦਾ ਗੁਰਮਤਿ ਮਾਰਗ ਵਿਲੱਖਣ ਹੈ। ਬ੍ਰਾਹਮਣ ਨੇ ਆਪਣੇ ਸਮਾਜ ਨੂੰ ਰਜ਼ਾ ਦੀ ਰਮਜ਼ ਨਹੀਂ ਸਿਖਾਈ। ਉਸ ਉਪਰ ਆਏ ਗ੍ਰਹੁ-ਭਾਰ ਨੂੰ, ਰਜ਼ਾ ਵਿਚ ਸਹਿਣ ਕਰਨ ਦੀ ਸਿਖਿਆ ਉਹ ਦਿੰਦਾ ਭੀ ਕਿਉਂ ? ਉਸ ਦੀ ਗ੍ਰਹੁ-ਟਾਲਣ ਦੇ ਜੰਤ੍ਰ-ਮੰਤ੍ਰ ਟੂਣੇ ਟਮਕੇ ਵਿੱਚ ਹੀ ਉਪਜੀਵਕਾ ਬੰਨ੍ਹੀ ਹੋਈ ਹੈ। ਸੰਤ ਕੇ ਮਾਰਗ ਦੇ ਪਾਂਧੀ ਉਪਾਅ ਨਹੀਂ ਕਰਦੇ ਕਰਾਉਂਦੇ। ਉਹ ਤਾਂ ਇਕ ਅਕਾਲ ਦੀ ਟੇਕ ਲੈਂਦੇ ਹਨ ਤੇ ਉਸ ਦੀ ਰਜ਼ਾ ਵਿੱਚ ਹੀ ਨਾਮ ਦੇ ਸਹਾਰੇ ਮਸਤ ਰਹਿੰਦੇ ਹਨ।

ਸਤਿਗੁਰੂ ਸਾਹਿਬਾਨ ਨੇ ਸਹਿਮੇ ਤੇ ਡਰਾਕਲ ਸਮਾਜ ਨੂੰ ਐਸਾ ਰਜ਼ਾ ਵਿੱਚ ਸੂਰ ਕੀਤਾ ਕਿ ਬੰਦ ਬੰਦ ਕਟਦਿਆਂ ਜਾਂ ਖੋਪਰੀ ਉਤਰਦਿਆਂ ਭੀ ਸ਼ੁਕਰ ਸ਼ੁਕਰ ਕਰਦੇ ਅਡੋਲ ਪੂਰਨੇ ਪਾ ਗਏ। ਸੋ ਗੁਰੂ ਸੰਤ ਨੇ ਤਾਂ ਮੁੱਢ ਵਿਚ ਫ਼ੁਰਮਾਨ ਕਰ ਦਿਤਾ ਸੀ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

(ਸਲੋਕ ਵਾਰਾਂ ਤੇ ਵਧੀਕ ਮ: ੧–੧੪੧੨)

ਇਸ ਮਾਰਗ ਤੇ ਚਲਦਿਆਂ ਸਤਿਗੁਰੂ ਸਾਹਿਬਾਂ ਨੇ ਆਪ ਭੀ ਸਿਰ ਦੇਣੋਂ ਕੋਈ ਸੰਕੋਚ ਨਹੀਂ ਕੀਤਾ। ਇਸੇ ਕਰਕੇ ਉਹਨਾਂ ਦੀ ਸਿਖਿਆ ਤੇ ਚਲਣ ਵਾਲਿਆਂ ਨੇ ਮੌਤ ਨੂੰ ਕਦੀ ਭੀ ਭਿਆਨਕ ਨਹੀਂ ਸਮਝਿਆ।

(੫) ਸੰਤ ਕਾ ਮਾਰਗ ਪ੍ਰੇਮਾ-ਭਗਤੀ ਦਾ ਹੀ ਮਾਰਗ ਹੈ। ਇਸ ਮਾਰਗ ਤੇ ਚਲਣ ਸਮੇਂ ਕੁਝ ਧਾਰਨ ਕਰਨ ਦਾ ਉਪਦੇਸ਼ ਕੀਤਾ ਹੈ ਤੇ ਕੁਝ ਤਿਆਗਣ ਦਾ।

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ॥੧॥੩੬॥

(ਆਸਾ ਮ: ੫–੩੭੯)

ਗੁਰੂ ਸਾਧੂ ਦੀ ਸ਼ਰਨ ਵਿੱਚ ਗਿਆਂ ਉਪਰੋਕਤ ਕਾਮ ਕ੍ਰੋਧ ਆਦਿਕ ਦੋਖੀ ਸਹਿਜੇ ਹੀ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿੱਚ ਸਤ ਸੰਤੋਖ ਦਇਆ ਸਚ-ਧਰਮ ਤੇ ਅੰਦਰਲੀ ਸੁਚ ਨਿਵਾਸ ਕਰ ਜਾਂਦੇ ਹਨ।

ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥.........
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ, ਤਨ ਤੇ ਹੋਏ ਸਗਲ ਖਈ ॥੧॥
ਸਤੁ ਸੰਤੋਖੁ ਦਇਆ, ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥੨॥੯੦॥

(ਬਿਲਾਵਲੁ ਮ: ੫–੮੨੨)

ਸੰਤ ਗੁਰੂ ਦੇ ਮਾਰਗ ਦੀਆਂ ਇਹਨਾਂ ਪੰਜ ਪਉੜੀਆਂ ਦੀ, ਬਾਣੀ ਵਿਚੋਂ ਸਮਝ ਪਈ ਹੈ। ਹੋਰ ਭੀ ਹੋ ਸਕਦੀਆਂ ਹਨ, ਪਰ 'ਮੇਰੀ ਮਤਿ ਥੋੜੀ' ਹੈ; ਜਿੰਨੀ ਕੁ ਸਮਝ ਪਈ, ਉਤਨਾ ਲਿਖ ਦਿਤਾ ਹੈ।

## ਵੈਸਾਖੁ ਭਲਾ

**ਵੈਸਾਖੁ ਭਲਾ ਸਾਖਾ ਵੇਸ ਕਰੇ ॥**
**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥**
**ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥**
**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥**
**ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥**
**ਨਾਨਕ ਵੈਸਾਖੀਂ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥੬॥** (੧੧੦੮)

www.AKJ.Org

# ਰਹਿਤਨਾਮਿਆਂ ਵਿਚੋਂ ਮਿਲਾਵਟ ਕੱਢਣ ਦੀ ਲੋੜ

[ਭਾਈ ਸਾਹਿਬ ਰਾਮ ਸਿੰਘ ਜੀ ਸੁਕੇਂਡਰਨ ਲੀਡਰ (ਰੀ:) ਸ੍ਰੀ ਅੰਮ੍ਰਿਤਸਰ]

ਸਿੱਖੀ ਰਹਿਤ ਨੂੰ ਗੁਰਬਾਣੀ ਅੰਦਰ ਕਈਆਂ ਨਾਵਾਂ ਨਾਲ ਦਰਸਾਇਆ ਗਿਆ ਹੈ। ਯਥਾ : ਰਹਿਤ, ਸੰਤ ਰਹਿਤ, ਭਗਤਾਂ ਕੀ ਚਾਲ, ਗੁਰਮੁਖੀ ਚਾਲ, ਗੁਰ ਕੀ ਚਾਲ, ਗੁਰਮੁਖਿ ਚਾਲ, ਇਤਿ ਆਦਿ।

ਗੁਰਮੁਖੀ ਚਾਲ, ਜੀਵਨ ਬਤੀਤ ਕਰਨ ਦਾ ਉਹ ਢੰਗ (ਰਹਿਤ ਬਹਿਤ) ਹੈ ਜੋ ਗੁਰੂ-ਜੋਤਿ ਨੇ ਇਸ ਸੰਸਾਰ ਵਿਚ ਜਾਮੇ ਧਾਰ ਕੇ ਗੁਰਸਿਖ ਦੇ ਅਪਣਾਉਣ ਲਈ, ਆਪ ਪੂਰਨੇ ਪਾ ਕੇ ਨੀਯਤ ਕੀਤੀ ਅਤੇ ਗੁਰਸਿਖਾਂ ਨੂੰ ਸੰਬੋਧਨ ਕਰ ਕੇ ਹੁਕਮ ਕੀਤਾ, "ਗੁਰਸਿਖ ਮੀਤ ਚਲਹੁ ਗੁਰ ਚਾਲੀ॥" (੬੬੭) ਕੁਦਰਤੀ ਗੱਲ ਹੈ ਕਿ ਇਸ ਚਾਲ (ਮਰਯਾਦਾ) ਬਾਰੇ ਗਿਆਨ ਭੀ ਕੇਵਲ ਗੁਰੂ ਪਾਸੋਂ (ਗੁਰਬਾਣੀ ਤੋਂ) ਹੀ ਪ੍ਰਾਪਤ ਹੋ ਸਕਦਾ ਹੈ।

ਗੁਰਸਿੱਖੀ ਚਾਲ ਅਥਵਾ ਸਿੱਖੀ ਰਹਿਤ ਬਹਿਤ ਬਾਰੇ ਕਈ ਰਹਿਤਨਾਮੇ ਪੁਰਾਤਨ ਅਤੇ ਇਤਿਹਾਸਕ ਮਹੱਤਤਾ ਰੱਖਣ ਵਾਲੇ ਗੁਰਸਿਖਾਂ ਨਾਲ ਸੰਬੰਧਤ ਪ੍ਰਚਲਤ ਹਨ। ਸਿੱਖੀ ਰਹਿਤ ਬਹਿਤ ਦਾ ਜੋ ਅਜੋਕਾ ਦੇਖਣ ਵਿਚ ਆਉਂਦਾ ਹੈ, ਇਹ ਕਾਫ਼ੀ ਹੱਦ ਤਕ ਪ੍ਰਚੱਲਤ ਰਹਿਤਨਾਮਿਆਂ ਤੋਂ ਹੀ ਗ੍ਰਹਿਣ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਨਿਰੋਲ ਸਿੱਖੀ ਰਹਿਤ ਬਹਿਤ ਦਾ ਪਤਾ ਤਾਂ, ਵਿਸ਼ੇਸ਼ ਕਰਕੇ ਗੁਰਬਾਣੀ ਤੋਂ ਹੀ ਲੱਗ ਸਕਦਾ ਹੈ। ਸਿੱਖ ਇਤਿਹਾਸ ਅਤੇ ਸਿੱਖੀ ਰਹਿਤਨਾਮਿਆਂ ਅੰਦਰ, ਸਿਖ ਧਰਮ ਦੇ ਦੋਖੀਆਂ ਨੇ, ਜਿਥੇ ਅਤੇ ਜਿੰਨੀ ਉਨ੍ਹਾਂ ਦੀ ਵਾਹ ਲੱਗੀ ਹੈ, ਸਿੱਖੀ ਰਹੁ-ਰੀਤ ਦੀ ਨਿਰੋਲਤਾ ਮਲੀਆਮੇਟ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਿਖ ਧਰਮ ਦੇ ਦੋਖੀ, ਸਿਖ ਧਰਮ ਦੇ ਅਰੰਭ ਦੇ ਨਾਲ ਨਾਲ ਹੀ ਪੈਦਾ ਹੋ ਖਲੋਤੇ, ਇਸ ਦੇ ਨਾਲ ਹੀ ਚਲਦੇ ਆ ਰਹੇ ਹਨ ਅਤੇ ਇਸਦੇ ਨਾਲ ਹੀ ਰਹਿਣਗੇ। ਇਹ ਗੁਰਦਵਾਰਿਆਂ ਨੂੰ ਸਾੜਦੇ, ਢਾਹੁੰਦੇ ਅਤੇ ਉਨ੍ਹਾਂ ਦਾ ਅਪਮਾਨ ਕਰਦੇ ਆਏ, ਹੁਣ ਭੀ ਕਰ ਰਹੇ ਹਨ ਅਤੇ ਅਗਾਂਹ ਨੂੰ ਭੀ ਇਨ੍ਹਾਂ ਤੋਂ ਭਲੇ ਦੀ ਕੋਈ ਆਸ ਨਹੀਂ। ਇਹ ਸਿਖੀ ਦੀ ਹੋਂਦ ਨੂੰ ਹੀ ਨਹੀਂ ਜਰ ਸਕਦੇ। ਰੱਬ ਨੂੰ ਕੁਝ ਇੰਜ ਹੀ ਭਾਉਂਦਾ ਜਾਪਦਾ ਹੈ। ਨੇਕੀ ਨਾਲ ਬਦੀ ਸਦਾ ਹੀ ਰਹੀ ਹੈ।

ਕਲਗੀਧਰ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਸਿਖ ਧਰਮ ਦੇ ਦੋਖੀਆਂ ਨੇ ਤੁਰਕ-ਰਾਜ ਨਾਲ ਮਿਲ ਕੇ ਗੁਰਸਿੱਖਾਂ ਨੂੰ ਇਕ-ਵਢਿਓਂ ਹੀ ਖ਼ਤਮ ਕਰਨ ਤੇ ਲੱਕ ਬੰਨ੍ਹ ਲਿਆ। ਸਿੰਘਾਂ ਦੇ ਸਿਰਾਂ ਦੇ ਮੁੱਲ ਪੈ ਗਏ। ਫਿਰ ਕੀ ਸੀ ? ਖਾਲਸਾ ਅਤੀ ਤੰਗ ਹੋ ਕੇ ਸਿਖੀ ਰਹਿਤ ਬਹਿਤ ਨਿਭਾਉਣ ਅਤੇ ਆਪਣੇ ਪਰਵਾਰਾਂ ਦੀ ਰਖਿਆ ਖ਼ਾਤਰ, ਆਪਣੇ ਘਰ ਬਾਰ ਛੱਡ ਕੇ ਜੰਗਲਾਂ ਵਿਚ ਜਾ ਵਿਚਰਿਆ। ਜੰਗਲਾਂ ਵਿਚ ਪਇਆਂ ਫਿਰਦਿਆਂ ਨੂੰ ਭੀ ਧਰਮ ਦੇ ਦੋਖੀਆਂ ਨੇ ਸਾਹ ਨਹੀਂ ਲੈਂਣ ਦਿੱਤਾ। ਸਿੰਘਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਲੱਭ ਲੱਭ ਕੇ ਸ਼ਹੀਦ ਕੀਤਾ। ਜੰਗਲਾਂ ਦੇ ਜੰਗਲ, ਜਿਨ੍ਹਾਂ ਵਿਚ ਸਿੰਘਾਂ ਦੀ ਰਿਹਾਇਸ਼ ਸੀ, ਅੱਗ ਲਾ ਕੇ ਸਾੜ ਦਿਤੇ ਗਏ।

ਐਸੇ ਹਾਲਾਤ ਅੰਦਰ, ਜਦ ਕਿ ਖਾਲਸੇ ਨੂੰ ਆਪਣੀ ਜਾਨ ਦੀ ਪਈ ਹੋਵੇ, ਖਾਲਸਾ ਜੀ ਨੂੰ ਆਪਣੀ ਤਵਾਰੀਖ਼ ਲਿਖਣ ਦਾ ਉਪਰਾਲਾ ਕਿਵੇਂ ਸੰਭਵ ਹੋ ਸਕਦਾ ਸੀ। ਉਨ੍ਹਾਂ ਪਾਸ ਇਸ ਕਾਰਜ ਲਈ ਨਾ ਸਮਾਂ ਸੀ ਅਤੇ ਨਾ ਹੀ ਸਾਮਾਨ। ਖਾਲਸੇ ਦੇ ਹਾਲਾਤ ਅਤੇ ਰਹਿਤ ਆਦਿ ਬਾਰੇ ਜ਼ਿਆਦਾ ਤਰ ਗ਼ੈਰ-ਸਿੱਖਾਂ ਨੇ ਹੀ ਲਿਖਿਆ ਅਤੇ ਮਨ-ਮਰਜ਼ੀ ਦਾ ਲਿਖਿਆ। ਇੰਜ ਜਾਪਦਾ ਹੈ ਕਿ ਸਿੱਖੀ ਨੂੰ ਖ਼ਤਮ ਕਰਨ ਲਈ ਸਿਖ ਧਰਮ ਦੇ ਦੋਖੀਆਂ ਦਾ ਦੋ ਪਰਕਾਰ ਦਾ ਪ੍ਰੋਗਰਾਮ ਸੀ :—

(੧) ਜੀਊਂਦੇ ਸਿਖਾਂ ਨੂੰ ਹਰ ਤਰੀਕੇ ਨਾਲ ਮਾਰ ਮੁਕਾ ਲਿਆ ਜਾਵੇ।

(੨) ਜੋ ਬਚ ਜਾਣ, ਉਨ੍ਹਾਂ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਦੀ ਅਗਵਾਈ ਲਈ ਐਸੀਆਂ ਲਿਖਤਾਂ ਲਿਖੀਆਂ ਜਾਣ ਜਾਂ ਪਹਿਲੀਆਂ ਲਿਖੀਆਂ ਲਿਖਤਾਂ ਦੀ ਰੂਪ-ਰੇਖਾ ਨਸ਼ਟ ਭ੍ਰਸ਼ਟ ਕੀਤੀ



www.AKJ.Org

ਜਾਵੇ, ਜਿਸ ਨਾਲ ਉਨ੍ਹਾਂ ਦਾ ਆਚਾਰ, ਆਹਾਰ ਅਤੇ ਵਿਵਹਾਰ ਭ੍ਰਿਸ਼ਟ ਹੋਵੇ, ਜਿਸ ਨਾਲ ਇਨ੍ਹਾਂ ਦੀ ਖਾਲਸਈ ਸਪਿਰਿਟ ਖਤਮ ਹੋ ਜਾਏ।

ਖਾਲਸੇ ਦੀ ਰੂਹਾਨੀ, ਸਮਾਜੀ ਅਤੇ ਰਾਜਸੀ ਤਾਕਤ ਖ਼ਤਮ ਕਰਨ ਦਾ ਇਹ ਸਭ ਤੋਂ ਜ਼ਿਆਦਾ ਕੁਟਲ ਤਰੀਕਾ ਸੀ। ਖਾਲਸੇ ਨੂੰ ਢਹਿੰਦੀ ਕਲਾ ਵਿਚ ਲੈ ਜਾਣ ਲਈ ਵਿਰੋਧੀ, ਕੋਈ ਭੀ ਉਪਰਾਲਾ ਵਰਤਣੋਂ ਨਹੀਂ ਝਿਜਕੇ। ਅਸੀਂ ਗੁਰਬਾਣੀ ਦੇ ਚਾਨਣ ਵਿਚ ਵੇਖਣਾ ਹੈ ਕਿ ਪਰਮਾਣੀਕ ਰਹਿਤਨਾਮਿਆਂ ਰਾਹੀਂ, ਗੁਰਸਿਖੀ ਜੀਵਨ ਵਿਚ ਗਿਰਾਵਟ ਲਿਆਉਣ ਲਈ ਸਿਖ ਧਰਮ ਦੇ ਦੋਖੀਆਂ ਦਾ ਕਿਤਨਾ ਕੁ ਹੱਥ ਹੈ। ਗੁਰਸਿੱਖ ਨੂੰ ਅਤੇ ਸਮੁੱਚੇ ਜਗਤ ਨੂੰ ਸਿਖੀ ਦੇ ਪਰਮ ਪਵਿੱਤਰ ਅਤੇ ਉਚੇ ਸੁੱਚੇ ਰਸਤੇ ਤੇ ਲਿਆਉਣ ਲਈ, ਗੁਰਬਾਣੀ ਅੰਦਰ ਅਨੇਕ ਤਰੀਕਿਆਂ ਨਾਲ ਸਮਝਾਉਣੀਆਂ ਦਿੱਤੀਆਂ ਗਈਆਂ ਹਨ। ਕਈ ਜਗ੍ਹਾ ਇਹ ਸਮਝਾਉਣੀਆਂ ਪੰਡਤ ਪ੍ਰਥਾਇ ਦਿੱਤੀਆਂ ਹੋਈਆਂ ਹਨ, ਕਈ ਜਗ੍ਹਾ ਜੋਗੀ ਨੂੰ, ਕਈ ਜਗ੍ਹਾ ਕਾਜ਼ੀ ਨੂੰ, ਮੁਸਲਮਾਨ ਨੂੰ, ਉਦਾਸੀ ਨੂੰ, ਤਿਆਗੀ ਨੂੰ, ਭਗਵਾ ਭੇਸ-ਧਾਰੀਆਂ ਨੂੰ, ਰੁੰਡਤ-ਮੁੰਡਤਾਂ ਨੂੰ, ਜਟਾਧਾਰੀਆਂ ਨੂੰ, ਮੋਨੀਆਂ ਨੂੰ, ਵਰਤ ਰਖਣ-ਹਾਰਿਆਂ ਨੂੰ, ਧਰਤੀ ਉਤੇ ਭਰਮਣ-ਹਾਰਿਆਂ ਨੂੰ, ਮੈਲਾ ਕੁਚੈਲਾ ਖਾਣ ਵਾਲਿਆਂ ਨੂੰ, ਮਾਇਆ-ਧਾਰੀਆਂ ਨੂੰ, ਅਤੇ ਹੋਰ ਕਈ ਪ੍ਰਕਾਰ ਦੇ ਭੇਖ-ਧਾਰੀਆਂ ਨੂੰ, ਆਦਿ। ਇਹ ਸਭ ਸਮਝਾਉਣੀਆਂ ਗੁਰਸਿਖ ਦੇ ਸਮਝਣ ਅਤੇ ਮੰਨਣ ਵਾਸਤੇ ਹੀ ਦਰਸਾਈਆਂ ਗਈਆਂ ਹਨ। ਗੁਰਵਾਕ ਹੈ—

"ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥" (੬੪੭)

ਜਿਹੜਾ ਸਿਖੀ ਸਰੂਪ ਕਲਗੀਧਰ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਪੁਸ਼ਤ-ਦਰ-ਪੁਸ਼ਤ ਸਾਡੇ ਦੇਖਣ ਵਿਚ ਆਇਆ ਹੈ, ਉਹ ਇਸ ਪ੍ਰਕਾਰ ਹੈ :

(ੳ) ਅੰਮ੍ਰਿਤ-ਧਾਰੀ ਗੁਰਸਿੱਖ ਕੇਸਾ-ਧਾਰੀ ਵਿਅਕਤੀ ਹੈ।

(ਅ) ਉਸ ਦੇ ਤੇੜ ਕਛਹਿਰਾ, ਹੱਥ ਸਰਬ ਲੋਹ ਦਾ ਕੜਾ, ਗਾਤਰੇ ਵਿਚ ਸਰਬ-ਲੋਹੀ ਕਿਰਪਾਨ ਅਤੇ ਕੇਸਾਂ ਵਿਚ ਲਕੜੀ ਦਾ ਕੰਘਾ ਹੁੰਦਾ ਹੈ।

(ੲ) ਉਹ ਸੀਸ ਦੇ ਕੇਸਾਂ ਦਾ ਜੂੜਾ ਕਰ ਕੇ ਸੀਸ ਉਤੇ ਦਸਤਾਰ (ਦੁਮਾਲਾ, ਦਸਤਾਰ, ਕੇਸਕੀ) ਸਜਾਉਂਦਾ ਹੈ।

ਇਹ ਸਰੂਪ ਪੁਰਾਤਨ ਸਮੇਂ ਤੋਂ ਹੀ ਚਲੀ-ਆ-ਰਹੀ-ਮਰਯਾਦਾ ਤੋਂ ਸਪੱਸ਼ਟ ਹੈ। ਇਸ ਸੰਬੰਧ ਵਿਚ ਵਿਦਵਾਨ ਖੋਜੀ ਪ੍ਰੋ: ਪਿਆਰਾ ਸਿੰਘ ਜੀ ਪਦਮ, ਪਟਿਆਲਾ, ਨੂੰ ਪੁਰਾਤਨ ਭੱਟ-ਵਹੀਆਂ ਦਾ ਅਧਿਐਨ ਕਰਦਿਆਂ ਹੋਇਆਂ ਸਿਖੀ ਰਹਿਤ ਬਾਰੇ ਇਕ ਪ੍ਰਮਾਣੀਕ ਸਬੂਤ ਇਸ ਪ੍ਰਕਾਰ ਮਿਲਿਆ ਹੈ :—

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤ੍ਰੀ ਬਾਸੀ ਲਾਹੌਰ ਖਲਾ ਹੂਆ, ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ ਸ਼ਹਿਰ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨ ਨਾਥ—ਬਾਰੋ ਬਾਰੀ ਖਲੇ ਹੂਏ, ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ, ਹਰਾਮ, ਟਿੱਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ। ਮੀਣੇ, ਧੀਰ ਮੱਲੀਏ, ਰਾਮਰਾਈਏ, ਸਿਰਗੁੰਮੇ, ਮਸੰਦੋਂ ਕੀ ਵਰਤਣ ਬੰਦ ਕੀ। ਕੰਘਾ, ਕਰਦ, **ਕੇਸਗੀ**, ਕੜਾ, ਕਛਹਿਰਾ, ਸਭ ਕੋ ਦੀਆ, ਸਭ ਕੇਸਾਧਾਰੀ ਕੀਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ ਸਤਿਗੁਰੂ ਜਾਣੈ, ਗੁਰੂ ਗੁਰੂ ਜਪਣਾ. ਗੁਰੂ ਹਰ ਥਾਈਂ ਸਹਾਈ ਹੋਗੁ। —ਭੱਟ ਵਹੀ ਪਰਗਣਾ ਥਾਨੇਸਰ"



www.AKJ.Org

ਰਹਿਤਨਾਮਿਆਂ ਵਿਚ ਸਿਖ ਧਰਮ ਦਿਆਂ ਦੋਖੀਆਂ ਨੇ ਬੜੀ ਚਲਾਕੀ ਨਾਲ ਮਿੱਠੇ ਜ਼ਹਿਰ ਭਰੀਆਂ ਲਿਖਤਾਂ ਸ਼ਾਮਲ ਕਰ ਰੱਖੀਆਂ ਹਨ, ਤਾਂ ਜੁ ਸਿਖ ਨਸਲਾਂ ਇਨ੍ਹਾਂ ਰਹਿਤ-ਨਾਮਿਆਂ ਨੂੰ ਪਵਿੱਤਰ ਧਾਰਮਕ ਪੁਸਤਕਾਂ ਸਮਝ ਕੇ, ਇਨ੍ਹਾਂ ਉਤੇ ਚੱਲ ਕੇ, ਧਾਰਮਿਕ ਅਤੇ ਇਖ਼ਲਾਕੀ ਗਿਰਾਵਟ ਦਾ ਸ਼ਿਕਾਰ ਹੋ ਜਾਣ। ਦੁਖੀ ਹਿਰਦੇ ਨਾਲ ਕਹਿਣਾ ਪੈਂਦਾ ਹੈ ਕਿ ਅਸਾਂ ਨੇ ਧਰਮ-ਦੋਖੀਆਂ ਦੀ ਇਸ ਚਾਲ ਨੂੰ ਨਾ ਸਮਝਦਿਆਂ ਹੋਇਆਂ, ਉਨ੍ਹਾਂ ਦੀਆਂ ਪ੍ਰਚਲਤ ਕੀਤੀਆਂ ਹੋਈਆਂ ਕੁਰੀਤੀਆਂ ਨੂੰ, ਬਿਨਾਂ ਕਿਸੇ ਦੀਰਘ ਸੋਚ ਦੇ, ਸਵੀਕਾਰ ਕਰ ਕੇ ਅਪਣਾਅ ਲਿਆ ਹੈ। ਇਨ੍ਹਾਂ ਕੁਰੀਤੀਆਂ ਨੂੰ ਇਕ ਇਕ ਕਰਕੇ, ਗੁਰਬਾਣੀ ਦੇ ਚਾਨਣ ਅੰਦਰ ਉਘੇੜ ਕੇ ਸਾਹਮਣੇ ਲਿਆਉਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ। ਜਿਹੜੀ ਲਿਖਤ ਗੁਰਬਾਣੀ ਦੀ ਕਸਵੱਟੀ ਉਤੇ ਪੂਰੀ ਨਹੀਂ ਉੱਤਰਦੀ, ਉਹ ਲਿਖਤ ਸਾਡੇ ਮੰਨਣ ਜੋਗ ਕਦਾਚਿਤ ਨਹੀਂ ਹੈ, ਬੇਸ਼ਕ ਐਸੀ ਲਿਖਤ ਕਿਸੇ ਪ੍ਰਮਾਣੀਕ ਗੁਰਸਿਖ ਦੇ ਨਾਂ ਨਾਲ ਜੋੜ ਕੇ ਕਿਉਂ ਨ ਪੇਸ਼ ਕੀਤੀ ਹੋਵੇ।

ਸੱਚੇ ਸੁੱਚੇ ਧਰਮੀ ਜੀਵਨ ਵਾਲੇ ਖਾਲਸਾ ਜੀ ਦੀ ਚੜ੍ਹਦੀ ਕਲਾ ਦਾ ਨਿਰਭਰ ਉਸ ਦੇ ਨਿਰਮਲ ਆਚਾਰ, ਨਿਰਮਲ ਆਹਾਰ ਅਤੇ ਨਿਰਮਲ ਵਿਵਹਾਰ ਤੇ ਸੀ ਅਤੇ ਹੈ। ਦੇਖੋ, ਇਸ ਨਿਰਮਲ, ਪਰਉਪਕਾਰੀ ਸੰਤ-ਸਿਪਾਹੀਆਂ ਦੀ ਨਵ-ਉਪਜੀ ਕੌਮ ਦੀ ਜੜ੍ਹੀਂ, ਸਿਖ ਧਰਮ ਦਿਆਂ ਦੋਖੀਆਂ ਨੇ ਕਿਵੇਂ ਤੇਲ ਦੇ ਕੇ ਇਸ ਦਾ ਆਚਾਰ, ਆਹਾਰ ਅਤੇ ਵਿਵਹਾਰ ਭ੍ਰਿਸ਼ਟ ਕਰਨ ਲਈ ਪੱਕੇ ਪੈਂਤੜੇ ਬੰਨ੍ਹ ਰੱਖੇ ਹਨ।

(ੳ) **ਪਰ ਤ੍ਰਿਆ** :—ਸਿਖ ਧਰਮ ਵਿਚ ਪਰ-ਤ੍ਰਿਆ ਦਾ ਸੰਗ ਬਿਬਰਜਤ ਹੈ (ਇਹ ਪਤਿਤ ਕਰਮ ਹੈ)। ਗੁਰਬਾਣੀ ਇਉਂ ਫੁਰਮਾਉਂਦੀ ਹੈ :—

(i) ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ (੧੩੬੨)।" ਪਰਾਈ ਤ੍ਰਿਆ (ਔਰਤ) ਰਾਵਣ-(ਭੋਗਣ) ਹਾਰਿਆਂ ਨੂੰ ਆਪਣੇ ਫ਼ਿਰਕੇ (ਸਿੱਖੀ) ਵਿਚੋਂ ਤਿਲਾਂਜਲੀ ਮਿਲ ਜਾਂਦੀ ਹੈ। ਭਾਵ, ਕਿ ਉਹ ਸਿਖੀ ਵਿਚੋਂ ਛੇਕ ਦਿਤੇ ਜਾਂਦੇ ਹਨ। ਇਹ ਕੁਕਰਮ ਕਰਨ ਮਗਰੋਂ ਉਹ ਗੁਰੂ ਸਾਹਿਬ ਦੇ ਸਿਖ ਨਹੀਂ ਅਖਵਾ ਸਕਦੇ। ਉਹ ਪਤਿਤ ਗਰਦਾਨੇ ਜਾਂਦੇ ਹਨ।

(ii) ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ॥ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥(ਪਾ:੧੦) ਇਸ ਤੁਕ ਰਾਹੀਂ ਪਰ-ਨਾਰੀ ਦੀ ਸੇਜ ਤੇ ਸੁਪਨੇ ਵਿਚ ਭੀ (ਭਾਵ, ਉੱਕਾ ਹੀ) ਹੁਕਮਨ ਮਨ੍ਹਾ ਕੀਤਾ ਗਿਆ ਹੈ।

(iii) "ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ (੨੭੪)॥" ਪਰ-ਨਾਰੀ ਨਾਲ ਸੰਗ ਕਰਨਾ ਤਾਂ ਕੁਕਰਮ ਹੈ ਹੀ, ਪਰ-ਨਾਰੀ ਦਾ ਰੂਪ (ਵਿਕਾਰੀ ਭਾਵਨਾ ਨਾਲ) ਤੱਕਣੋਂ ਭੀ ਗੁਰਸਿਖ ਨੂੰ ਰੋਕਿਆ ਗਿਆ ਹੈ। ਕਿਉਂਕਿ ਐਸੀ ਤੱਕਣੀ ਤੱਕਣ ਨਾਲ ਹੀ ਅਗਲੇ ਪਾਪ ਦਾ ਟੋਰਾ ਟੁਰਦਾ ਹੈ।

(iv) ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥" (੨੯੮) ਪਰਾਈ-ਇਸਤ੍ਰੀ ਨੂੰ ਰਾਵਣ-ਹਾਰਿਆਂ ਦਾ ਇਹ ਹਾਲ ਹੁੰਦਾ ਹੈ ਕਿ ਉਹ ਰੱਬੀ ਜੱਸ ਬਿਲਕੁਲ ਹੀ ਨਹੀਂ ਸੁਣਦੇ ਅਤੇ ਗੁਰਸਿਖਾਂ ਦੀ ਨਿੰਦਿਆ ਕਰਨ ਤੇ ਲੱਕ ਬੰਨ੍ਹ ਲੈਂਦੇ ਹਨ। ਸੋ ਪਰ-ਤ੍ਰਿਆ ਦਾ ਸੰਗ ਬਿਬਰਜਤ ਹੈ।

(v) ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ (੧੧੬੫)॥" ਇਸ ਤੁਕ ਵਿਚ ਪਰ-ਤ੍ਰਿਅ-ਗਾਮੀ ਪੁਰਸ਼ ਨੂੰ, ਜਿਹੜਾ ਆਪਣੀ ਨਿਜ-ਨਾਰ ਦਾ ਸੰਗ ਛੱਡ ਕੇ, ਪਰਾਈ ਨਾਰ ਨਾਲ ਜਾ ਖੇਹ ਖਾਂਦਾ ਹੈ, ਉਸ ਨੂੰ ਅੰਧਾ ਆਖ ਕੇ ਦੁਰਕਾਰਿਆ ਗਿਆ ਹੈ।

(vi) ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ (੬੭੪)॥ ਇਸ ਤੁਕ ਵਿਚ ਪਰ-ਧਨ ਅਤੇ ਪਰ-ਤਨ ਦੀ ਪ੍ਰੀਤ ਤੋਂ ਖ਼ਬਰਦਾਰ ਕੀਤਾ ਗਿਆ ਹੈ। ਪਰ-ਤਨ ਤੋਂ ਭਾਵ ਪਰਾਈ ਇਸਤ੍ਰੀ ਅਥਵਾ


www.AKJ.Org

ਪਰਾਏ ਪੁਰਸ਼ ਦੇ ਸੰਗ ਤੋਂ ਹੈ। ਇਸ ਲਈ ਅਜਿਹੀ ਪ੍ਰੀਤ ਬਿਬਰਜਤ ਹੈ।

(vii) ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ (੬੧੬) ॥" ਗੁਰੂ ਸਾਹਿਬ ਜੀ ਨੇ ਇਸ ਤੁਕ ਰਾਹੀਂ ਇਹ ਗੱਲ ਬੜੀ ਸਪਸ਼ਟ ਕੀਤੀ ਹੈ ਕਿ ਆਦਮੀ, ਦਰਵਾਜ਼ੇ ਬੰਦ ਕਰਕੇ, ਕਈ ਪ੍ਰਕਾਰ ਦੇ ਪੜਦੇ ਪਾ ਕੇ ਪਰਾਈ ਇਸਤ੍ਰੀ ਨਾਲ, ਓਹਲੇ ਹੋ ਕੇ ਖੇਹ ਖਾਂਦਾ ਹੈ (ਪਾਪ ਕਮਾਉਂਦਾ ਹੈ)। ਜਦੋਂ ਸੱਚੀ ਦਰਗਾਹ ਵਿਚ ਇਸ ਮੰਦ-ਕਰਮ ਦੀ ਜਵਾਬ-ਤਲਬੀ ਹੁੰਦੀ ਹੈ, ਤਾਂ ਚਿੱਤ੍ਰ-ਗੁਪਤ, ਜੋ ਮਨੁਖ ਦੇ ਹਰੇਕ ਕਰਮ ਦੇ ਸਾਖੀ ਹੁੰਦੇ ਹਨ; ਉਨ੍ਹਾਂ ਦੇ ਸਾਹਮਣੇ ਇਸ ਮੁਲਜ਼ਮ ਦੇ ਪੜਦੇ ਨੂੰ ਕੋਈ ਨਹੀਂ ਢੱਕ ਸਕਦਾ। ਫਿਰ ਇਹ ਨੰਗਾ ਹੋ ਜਾਂਦਾ ਹੈ, ਇਸ ਦਾ ਪਾਪ ਉਘੜ ਜਾਂਦਾ ਹੈ। ਸਪਸ਼ਟ ਹੈ ਕਿ ਪਰਾਈ ਇਸਤ੍ਰੀ ਨਾਲ ਖੇਹ ਖਾਣੀ ਬਿਬਰਜਤ ਹੈ, ਪਾਪ ਹੈ, ਪਤਿਤ ਕਰਮ ਹੈ।

(viii) ਗੋਤਮੁ ਤਪਾ ਅਹਲਿ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ (੧੩੪੩-੪੪) ॥" ਗੁਰਬਾਣੀ ਅੰਦਰ, ਪਰਾਈ ਇਸਤ੍ਰੀ ਨਾਲ ਪਾਪ ਕਮਾਉਣ ਦੀ ਇਹ ਤਵਾਰੀਖੀ ਮਿਸਾਲ ਹੈ। ਇਸ ਪਾਪ ਦੀ ਸਜ਼ਾ ਵਜੋਂ ਪਾਪ ਕਰਨਹਾਰੇ ਕਲੰਕਤ, ਅਤੇ ਜੁਗਾਂ ਪਰਯੰਤ ; ਕਿਤਨੀ ਔਖੀ ਸਜ਼ਾ ! ਸਜ਼ਾ ਸੁਣ ਕੇ ਲੂੰਈ ਕਡੇ ਖੜੇ ਹੋ ਜਾਂਦੇ ਹਨ। ਗੁਰੂ ਬਖਸ਼ੇ।

ਹੁਣ ਦੇਖੋ ਸਿਖ ਧਰਮ ਦਿਆਂ ਦੋਖੀਆਂ ਨੇ ਰਹਿਤਨਾਮਿਆਂ ਵਿਚ ਮਿਲਾਵਟ ਕਰ ਕੇ ਕੀ ਕਰਤੂਤ ਘੋਲੀ ਹੈ !

**ਰਹਿਤਨਾਮਾ ਭਾਈ ਚੌਪਾ ਸਿੰਘ :**

ੳ. "ਗੁਰ ਕਾ ਸਿਖ ਹੋਇ ਕੈ ਤੁਰਕਣੀ ਨਾਲ ਸੰਗ ਨਾ ਕਰੈ" :–

**ਟਿਪਣੀ** :–ਇਸ ਦਾ ਭਾਵ ਇਹ ਹੋਇਆ ਕਿ ਤੁਰਕਣੀ ਨੂੰ ਛਡ ਕੇ ਹੋਰ ਜਾਤੀਆਂ ਦੀਆਂ ਇਸਤ੍ਰੀਆਂ ਨਾਲ ਬੇਸ਼ਕ ਸੰਗ ਕਰ ਲਏ, ਥਾਂ ਥਾਂ ਖੇਹ ਖਾਂਦਾ ਫਿਰੇ। ਇਸ ਕੁਟਿਲ ਲਿਖਤ ਰਾਹੀਂ ਧਰਮ ਦਿਆਂ ਦੋਖੀਆਂ ਨੇ, ਇਕ ਪੱਥਰ ਨਾਲ ਦੋ ਜਾਨਵਰ ਮਾਰੇ ਹਨ। ਇਕ ਤਾਂ ਮੁਸਲਮਾਨਾਂ ਅਤੇ ਸਿਖਾਂ ਵਿਚ ਇਕ ਦੂਜੇ ਨਾਲ ਸਦੀਵੀ ਨਫ਼ਰਤ ਦਾ ਬੀਜ ਬੋ ਦਿਤਾ ਹੈ, ਅਤੇ ਦੂਜਾ, ਹੋਰਨਾਂ ਜਾਤੀਆਂ ਦੀਆਂ ਇਸਤ੍ਰੀਆਂ ਨਾਲ ਪਾਪ ਕਮਾਉਣ ਦੀ ਖੁੱਲ੍ਹ ਦੇ ਕੇ ਸਿਖਾਂ ਨੂੰ ਪਤਿਤ ਕਰਨ ਲਈ ਪੱਕਾ ਪੈਂਤੜਾ ਬੰਨ੍ਹ ਕੇ ਰੱਖ ਦਿੱਤਾ ਹੈ। ਕੈਸੀ ਚਲਾਕੀ ਅਤੇ ਕੁਟਿਲਤਾ ਨਾਲ ਸਿਖ ਕੌਮ ਨੂੰ ਆਚਰਣਿਕ ਤੌਰ ਤੇ ਖ਼ਤਮ ਕਰਨ ਦਾ ਪੱਕਾ ਬੰਦੋਬਸਤ ਕੀਤਾ ਪਿਆ ਹੈ।

ਅ. "ਗੁਰੂ ਕੇ ਸਿਖ ਮੁਸੱਦੀ ਜੋ ਸਰਕਾਰ ਤੁਰਕਾਂ ਦੀ ਵਿਚ ਹੋਵਨ, ਤਿਨ੍ਹਾਂ ਨੂੰ ਸਭੇ ਕੁਰਹਿਤਾਂ ਮੁਆਫ, ਇਕ ਇਨ੍ਹਾਂ ਤਿਹੁ ਬਿਨਾ–ਇਕ ਕੰਨਿਆ ਹਤ, ਦੂਜਾ ਭੱਦਣ, ਤੀਜਾ ਬਿਖਿਆ। ਹੋਰ ਕਰਨ ਤਾਂ ਬਖਸਾਇ ਲੈਣ।"

**ਟਿਪਣੀ**–ਇਸ ਕੁਟਿਲ ਲਿਖਤ ਰਾਹੀਂ ਸਿਖ ਸਰਕਾਰੀ ਮੁਲਾਜ਼ਮਾਂ ਨੂੰ ਸਾਰੀਆਂ ਛੋਟਾਂ ਦੇ ਕੇ ਲੁਪਤ ਤੌਰ ਤੇ ਤੁਰਕਣੀ ਦੇ ਸੰਗ ਦੀ ਭੀ ਖੁਲ੍ਹ ਦੇ ਦਿਤੀ ਗਈ ਹੈ, ਪਰ ਬਾਅਦ ਵਿਚ ਬਖਸ਼ਾਇ ਲੈਣ ਲਈ ਲਿਖ ਦਿੱਤਾ ਹੈ। ਭਾਵ ਕਿ, ਪਾਪ ਕਮਾਈ ਜਾਓ ਅਤੇ ਮੁਆਫੀ ਮੰਗੀ ਜਾਓ। ਅਜਿਹੇ ਰਹਿਤਨਾਮਿਆਂ ਤੋਂ ਅਗਵਾਈ ਲੈ ਕੇ ਕਿਉਂ ਨਾ ਮਨਚਲੇ ਸਿਖ ਦਿਲ ਖੋਲ੍ਹ ਕੇ ਕੁਰਹਿਤਾਂ ਕਰਨਗੇ ਅਤੇ ਕਿਉਂ ਨਾ ਸਾਰੇ ਹੀ ਵਿਕਾਰੀ ਹੋ ਜਾਣਗੇ। 'ਕੁਰਹਿਤ' ਨਾਮ ਵਾਲੀ ਤਾਂ ਕੋਈ ਗੱਲ ਹੀ ਨਾ ਰਹੀ। ਜਦੋਂ ਜੀਅ ਕੀਤਾ, ਕੁਰਹਿਤ ਕਰ ਲਈ, ਫਿਰ ਮੁਆਫ਼ੀ ਮੰਗ ਲਈ ; ਰਹਿਤ ਕਾਹਦੀ ਹੋਈ, ਬੱਚਿਆਂ ਦੀ ਖੇਡ ਹੋਈ !

**ਰਹਿਤਨਾਮਾ ਭਾਈ ਸਾਹਿਬ ਸਿੰਘ :–**

"ਤੁਰਕ ਤੁਰਕਣੀ ਤੇ ਬਚਹਿ ਤੁਰਕ ਨਾ ਕਰੀਐ ਸਿਖ।"

**ਟਿਪਣੀ**–ਇਸ ਕੁਲਿਖਤ ਰਾਹੀਂ ਸਿਖ ਧਰਮ ਦੇ ਦੋਖੀਆਂ ਦੀ ਪਰਲੇ ਦਰਜੇ ਦੀ ਮੰਦ-ਭਾਵਨਾ, ਪੜਦਾ ਫਾੜ ਕੇ ਬਾਹਰ ਨਿਕਲ ਆਈ ਹੈ। ਇਥੇ ਇਨ੍ਹਾਂ ਨੇ ਸਿੰਘਣੀਆਂ ਨੂੰ ਤੁਰਕ ਤੋਂ ਬਿਨਾ ਬਾਕੀ ਜਾਤੀਆਂ ਦੇ ਮਰਦਾਂ ਨਾਲ ਖੇਹ ਖਾਣ ਦੀ ਆਗਿਆ ਦੇ ਦਿੱਤੀ ਹੈ, ਅਤੇ ਸਿੰਘਾਂ ਨੂੰ ਤੁਰਕਣੀ ਤੋਂ ਬਿਨਾ ਬਾਕੀ ਔਰਤਾਂ ਨਾਲ ਖੁੱਲ੍ਹ ਦੇ ਦਿਤੀ



www.AKJ.Org

ਹੈ। ਅਤੇ ਨਾਲ ਹੀ ਕਿਸੇ ਤੁਰਕ ਨੂੰ ਅੰਮ੍ਰਿਤ ਛਕਾ ਕੇ ਸਿਖ ਸਜਾਉਣੋਂ ਭੀ ਰੋਕ ਦਿਤਾ ਹੈ। ਦੇਖਿਆ ਜੇ? ਇਨ੍ਹਾਂ ਨੇ ਸਿਖ ਪੰਥ ਨਾਲ ਕਿਤਨੀ ਹਮਦਰਦੀ ਦਿਖਾਈ ਹੈ!! ਲਾਅਨਤ ਹੈ ਇਨ੍ਹਾਂ ਨੂੰ। ਇਹ ਸਿੱਖ ਧਰਮ ਦੇ ਕੈਸੇ ਘਾਤਕ ਹਨ! ਪਾ: ੧੦ ਸ੍ਰੀ ਮੁਖਵਾਕ ਹੈ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"।

ਪਰਾਏ ਸਰੀਰ ਤਾਂ ਪਰਾਏ ਹੀ ਹਨ, ਭਾਵੇਂ ਕਿਸੇ ਜਾਤੀ ਦੇ ਹੋਵਣ। "ਬੀਜ ਮੰਤ੍ਰੁ ਸਰਬ ਕੋ ਗਿਆਨੁ (੨੭੪)॥" ਦਾ ਭਾਵ ਹੈ ਕਿ ਹਰ ਪ੍ਰਾਣੀ ਅੰਮ੍ਰਿਤ ਛਕ ਕੇ ਗੁਰਮੰਤ੍ਰ ਲੈਣ ਦਾ ਹੱਕਦਾਰ ਹੈ, ਤਾਂ ਫਿਰ ਤੁਰਕ ਨੂੰ ਇਸ ਬਖਸ਼ਿਸ਼ ਤੋਂ ਕਿਉਂ ਵਾਂਜਿਆ ਰਖਿਆ ਜਾਏ? ਕੀ ਪੰਥ ਨੂੰ ਅਜੇ ਵੀ ਅਜਿਹੇ ਰਲ-ਗੱਡ ਰਹਿਤਨਾਮਿਆਂ ਤੋਂ ਅਗਵਾਈ ਲੈਣ ਦੀ ਲੋੜ ਹੈ?

ਅਜਿਹੇ ਮਿਲਗੋਭਾ ਰਹਿਤਨਾਮਿਆਂ ਤੋਂ ਪ੍ਰਭਾਵਤ ਹੋ ਕੇ ਪੰਥ ਦੇ ਇਕ ਮੰਨੇ-ਪ੍ਰਮੰਨੇ ਉੱਘੇ ਪ੍ਰੋਫੈਸਰ ਸਾਹਿਬ 'ਸਿਖ ਰੀਵੀਊ' ਰਸਾਲੇ ਰਾਹੀਂ, ਅਤੇ ਪਟਿਆਲੇ ਦੇ ਇਕ ਉਘੇ ਡਾਕਟਰ ਜੁਲਾਈ ੮੦ ਦੀ ਸਿੰਘ ਸਭਾ ਪੱਤ੍ਰਕਾ ਰਾਹੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੁਰਾਂ ਉਤੇ ਰੋਸ ਪਰਗਟ ਕਰਦੇ ਹੋਏ ਕਹਿੰਦੇ ਹਨ, "ਪੰਥ ਦੇ ਰਹਿਤਨਾਮਿਆਂ ਵਿਚ ਕੇਵਲ ਤੁਰਕਣੀ ਦਾ ਹੀ ਸੰਗ ਮਨ੍ਹਾ ਕੀਤਾ ਗਿਆ ਹੈ, ਪਰ ਭਾਈ ਰਣਧੀਰ ਸਿੰਘ ਹੁਰਾਂ ਨੇ ਸਾਰਿਆਂ ਨਾਲ ਹੀ ਮਨ੍ਹਾ ਕਰਕੇ ਖਾਲਸਾ ਰਹਿਤ ਬਦਲ ਦਿੱਤੀ ਹੈ। ਇਨ੍ਹਾਂ ਦੋਹਾਂ ਵਿਅਕਤੀਆਂ ਦੇ ਮਨ ਦੀ ਅਵਸਥਾ ਅਤੇ ਤੱਤ ਗੁਰਮਤਿ ਬਾਰੇ ਉਨ੍ਹਾਂ ਦੀ ਜਾਣਕਾਰੀ ਬਾਬਤ ਪਾਠਕ ਜਨ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ।

ਜੇ ਇਹ ਬੁਧੀ-ਜੀਵੀਏ ਗੁਰਬਾਣੀ ਅੰਦਰ ਦਿਤੇ ਗੁਰ-ਉਪਦੇਸ਼ਾਂ ਨੂੰ ਛਡ ਕੇ, ਛੋਟਾਂ ਦੇਣ ਵਾਲੇ ਅਤੇ ਮਿਲਗੋਭਾ (ਅਖੌਤੀ) ਰਹਿਤਨਾਮਿਆਂ ਨੂੰ ਵਧੇਰੇ ਮਹੱਤਤਾ ਦੇਣ ਤਾਂ ਇਸ ਦਾ ਕੀ ਭਾਵ ਸਮਝਿਆ ਜਾਵੇ ਕਿ ਉਨ੍ਹਾਂ ਦੀ ਨੀਯਤ ਵਿਚ ਕੀ ਹੈ। ਤਾਂ ਫਿਰ "ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ॥ ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥" ਦਾ ਕੀ ਅਰਥ ਨਿਕਲੇਗਾ?

(ਅ) "ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆਂ (੭੨੬)॥" ਉਪਰੋਕਤ ਗੁਰਪ੍ਰਮਾਣ ਵਿਚ ਵਿਕਾਰੀ ਹਾਰ-ਸ਼ਿੰਗਾਰ ਲਈ ਪਾਨ, ਸੁਪਾਰੀ ਖਾਣਾ ਅਥਵਾ ਤਮਾਕੂ ਸੇਵਨ ਕਰਨਾ ਘਿਰਣਤ ਕਿਰਿਆ ਗਰਦਾਨੀ ਗਈ ਹੈ। ਪਰ ਦੇਖੋ ਸਿਖੀ ਦੇ ਵਿਰੋਧੀਆਂ ਨੇ ਰਹਿਤਨਾਮੇ ਵਿਚ ਕੀ ਕੁਫ਼ਰ ਕੀਤਾ ਹੈ:-

ਰਹਿਤਨਾਮਾ ਭਾਈ ਚੌਪਾ ਸਿੰਘ:-

੧. ਸਿਖ ਪਿਛਲੀ ਰਾਤ ਉਠ ਕੇ ਬੀੜੀ (ਪਾਨ ਬੀੜਾ) ਕਰੈ .... ਬਾਣੀ ਗੁਰੂ ਜੀ ਕੀ ਪੜੈ।

੨. ਗੁਰੂ ਕਾ ਸਿਖ ਕੰਨਿਆ ਆਪਣੀ ਨੜੀਮਾਰ ਨੂੰ ਨਾ ਦੇਇ, ਤੇ ਉਨ੍ਹਾਂ ਤੇ ਲੈ ਲਏ (ਇਸ ਨਾਲ ਨੜੀਮਾਰ ਨਾਲ ਰੋਟੀ ਬੇਟੀ ਦੀ ਸਾਂਝ ਦੀ ਖੁੱਲ੍ਹ ਦੇ ਦਿੱਤੀ ਗਈ ਹੈ)।

(ੲ) ਸਿੱਖ ਧਰਮ ਅੰਦਰ ਕੇਸ ਕਤਲ ਕਰਾਉਣਾ ਬਿਬਰਜਤ ਹੈ। ਕੇਸਾਂ ਨੂੰ ਸਾਬਤ ਰੱਖਣ ਦਾ ਵਿਧਾਨਹੈ। ਯਥਾ— ਸਾਬਤ ਸੂਰਤਿ ਦਸਤਾਰ ਸਿਰਾ (੧੦੮੪)॥" ਭਾਵ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦੱਸੇ ਮਾਰਗ ਤੇ ਚੱਲਣ ਵਾਲਾ ਪ੍ਰਾਣੀ ਸਾਬਤ ਸੂਰਤ ਰੱਖੇ ਅਤੇ ਸਿਰ ਉਤੇ ਦਸਤਾਰ ਸਜਾਏ (ਇਹ ਸਿਰ ਭਾਵੇਂ ਮਰਦ ਦਾ ਹੋਵੇ ਅਤੇ ਭਾਵੇਂ ਇਸਤ੍ਰੀ ਦਾ)। ਸਾਬਤ ਸੂਰਤਿ ਦਾ ਮੁਖ ਭਾਵ ਹੈ ਕਿ ਕੇਸ ਨਾ ਮੁੰਡਾਏ। ਕੇਸਾਂ ਤੋਂ ਬਿਨਾਂ ਇਨਸਾਨ ਦੀ ਸੂਰਤ ਸਾਬਤ ਨਹੀਂ ਅਖਵਾ ਸਕਦੀ। ਸੂਰਤ ਦੇ ਸਾਬਤ ਹੋਣ ਵਿਚ ਕੇਸਾਂ ਦਾ ਵਿਸ਼ੇਸ਼ ਹਿੱਸਾ ਹੈ। ਅਤੇ ਇਸ ਤੁਕ ਅੰਦਰ ਕੇਸਾਂ ਦੇ ਸਤਿਕਾਰ ਲਈ ਦਸਤਾਰ ਦੀ ਰਹਿਤ ਭੀ ਦ੍ਰਿੜ੍ਹ ਹੁੰਦੀ ਹੈ। ਹੁਣ ਦੇਖੋ ਕਈ ਰਹਿਤਨਾਮਿਆਂ ਵਿਚ ਕਿਵੇਂ ਕੇਸਾਂ ਦੀ ਮਹੱਤਤਾ ਨੂੰ ਛੁਟਿਆਇਆ ਗਿਆ ਹੈ।



www.AKJ.Org

ਰਹਿਤਨਾਮਾ ਭਾਈ ਚੌਪਾ ਸਿੰਘ–

੧. "ਗੁਰੂ ਕਾ ਸਿਖ ਸਹਿਜਧਾਰੀ ਰੋਮ ਕੈਂਚੀ ਨਾਲ ਉਤਰਾਵੈ ॥ ਚੇਹਰਾ ਜ਼ਰੂਰ ਸਾਬਤ ਰੱਖੇ। ਦੀਦਾਰ ਚੇਹਰੇ ਦਾ ਹੈ।" ਏਥੇ ਰੋਮਾਂ ਦੀ ਬੇਅਦਬੀ ਕਰਨ ਵਾਲੇ ਨੂੰ ਗੁਰੂ ਕੇ ਸਹਿਜਧਾਰੀ ਸਿਖ ਦਾ ਰੁਤਬਾ ਦੇ ਦਿੱਤਾ ਗਿਆ ਹੈ। ਇਸ ਅਨੁਸਾਰ ਤਾਂ ਸੀਸ ਦੇ ਕੇਸ ਕਤਲ ਕਰਵਾਉਣੇ ਪਤਿਤ ਕਰਮ ਹੀ ਨਾ ਰਿਹਾ। "ਦੀਦਾਰ ਚੇਹਰੇ ਦਾ ਹੈ" ਲਿਖ ਕੇ ਸੀਸ ਦੇ ਕੇਸਾਂ ਦੀ ਮਹੱਤਤਾ ਹੀ ਮਿੱਟੀ ਵਿਚ ਮਿਲਾ ਦਿੱਤੀ ਗਈ ਹੈ।

੨. "ਗੁਰੂ ਕੇ ਸਿਖ ਦੇ ਘਰ ਲੜਕਾ ਜਨਮੈ ਤਾਂ ਗੁੜ੍ਹਤੀ ਪੰਜਾਂ ਸਿੱਖਾਂ ਦੇ ਚਰਨ ਧੋਇ ਕਰ ਪਹੁਲ ਪਾਏ ... ... ਜੇ ਕਰ ਕੇਸਧਾਰੀ ਕਰਨਾ ਹੋਇ, ਜਨਮ ਦੇ ਨਾਲ ਰੱਖੇ।" ਇਸ ਦਾ ਭਾਵ ਹੈ ਕਿ ਜੇ ਲੜਕੇ ਨੂੰ ਕੇਸਾਧਾਰੀ ਨਾ ਕਰਨਾ ਹੋਇ ਤਾਂ ਭੀ ਠੀਕ ਹੈ। ਕੇਸ ਰਖਣੇ ਜਾਂ ਨਾ ਰਖਣੇ ਮਨ ਦੀ ਮਰਜ਼ੀ ਹੋ ਗਈ। ਏਥੇ ਚਰਨ-ਪਾਹੁਲ ਦਾ ਜ਼ਿਕਰ ਕੇਵਲ ਖੰਡੇ ਦੀ ਪਾਹੁਲ ਨੂੰ ਤਿਲਾਂਜਲੀ ਦਿਵਾਉਣ ਲਈ ਹੀ ਵਰਤਿਆ ਗਿਆ ਹੈ। ਕੇਸਾਂ ਨੂੰ ਰੱਖਣਾ ਜ਼ਰੂਰੀ ਨਹੀਂ ਸਮਝਿਆ ਗਿਆ। "ਜੇ ਕਰ ਰਖਣੇ ਹੋਣ ਤਾਂ ਜਨਮ ਦੇ (ਕੇਸ) ਨਾਲ ਰੱਖੇ।" ਇਸ ਦਾ ਇਹ ਭੀ ਭਾਵ ਨਿਕਲਦਾ ਹੈ ਕਿ ਜੇ ਜਨਮ ਦੇ ਕੇਸ ਨਹੀਂ ਰੱਖੇ ਗਏ ਤਾਂ ਬਾਅਦ ਵਿਚ ਕੇਸਾਧਾਰੀ ਨਹੀਂ ਹੋ ਸਕਦਾ! ਹੈਫ਼।

(ਸ) ਸਿਖ ਧਰਮ ਅੰਦਰ ਸ਼ਰਾਬ ਪੀਣੀ ਬਿਬਰਜਤ ਹੈ–

੧. "ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ (੧੩੭੭) ॥" ਇਸ ਤੁਕ ਰਾਹੀਂ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਭੰਗ, ਮਛਲੀ ਅਤੇ ਸ਼ਰਾਬ (ਸੁਰਾਪਾਨਿ) ਨੂੰ ਖਾਣ ਪੀਣ ਵਾਲੇ ਸਭ ਦੇ ਸਭ ਸਿੱਧੇ ਨਰਕਾਂ ਨੂੰ ਜਾਣਗੇ, ਭਾਵੇਂ ਉਨ੍ਹਾਂ ਨੇ ਕਿਤਨਿਆਂ ਭੀ ਤੀਰਥਾਂ ਦੇ ਇਸ਼ਨਾਨ ਅਥਵਾ ਦਰਸ਼ਨ ਕਿਉਂ ਨਾ ਕੀਤੇ ਹੋਣ, ਭਾਵੇਂ ਕਿਤਨੇ ਵਰਤ ਰੱਖੇ ਹੋਏ ਹੋਣ ਅਤੇ ਕਈ ਨੇਮ (ਪਾਠ ਪੂਜਾ) ਨਿਭਾਏ ਹੋਏ ਹੋਣ। ਉਨ੍ਹਾਂ ਦੀ ਇਹ ਸਭ ਘਾਲਣਾ ਬਿਅਰਥ ਹੀ ਜਾਏਗੀ ਅਤੇ ਉਨ੍ਹਾਂ ਨੂੰ ਨਰਕਾਂ ਵਿਚ ਪੈਣੋਂ ਨਹੀਂ ਬਚਾ ਸਕੇਗੀ।

੨. ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ (੫੫੪) ॥" ਇਸ ਹੁਕਮ ਰਾਹੀਂ ਸ਼ਰਾਬ (ਮਦ) ਪੀਣੀ ਗੁਰਸਿਖ ਲਈ ਬਿਲਕੁਲ ਹੀ ਬਿਬਰਜਤ ਹੈ।

੩. "ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ (੫੫੪) ॥" ਸ਼ਰਾਬ ਪੀਣ ਨਾਲ ਮਤ ਮਾਰੀ ਜਾਂਦੀ ਹੈ, ਰੱਬ ਵਿਸਰ ਜਾਂਦਾ ਹੈ ਅਤੇ ਹਰਿ ਦਰਗਹਿ ਵਿਖੇ ਸਜ਼ਾ ਮਿਲਦੀ ਹੈ। ਇਸ ਲਈ ਸ਼ਰਾਬ ਦੀ ਵਰਤੋਂ ਗੁਰਸਿਖ ਲਈ ਬਿਬਰਜਤ ਹੈ। ਹੁਣ ਦੇਖੋ ਧਰਮ ਦੇ ਦੋਖੀਆਂ ਦੀ ਚਲਾਕੀ :–

ਰਹਿਤਨਾਮਾ ਭਾਈ ਦੇਸਾ ਸਿੰਘ–

"ਰਣ ਮੋ ਚਲੇ ਤਾਂ ਮਦਰਾ ਸੇਵੈ ॥ ਅਵਰ ਦਿਵਸ ਕਹੂੰ ਨਾਮ ਨਾ ਲੇਵੈ।" ਰਣ ਵਾਲਾ ਤਾਂ ਐਵੇਂ ਬਹਾਨਾ ਹੀ ਲਾਇਆ ਹੈ। ਮਤਲਬ ਤਾਂ ਰਹਿਤਨਾਮੇ ਰਾਹੀਂ ਮਦਰਾ (ਸ਼ਰਾਬ) ਨੂੰ ਸਿੱਖਾਂ ਦੇ ਮੂੰਹ ਲਾਉਣ ਦੀ ਇਜਾਜ਼ਤ ਦੇਣ ਦਾ ਹੈ। ਇਹ ਗੱਲ ਵਰਨਣ ਯੋਗ ਹੈ ਕਿ ਜ਼ੁਲਮ ਵਿਰੁਧ ਲੜ ਮਰਨ ਦੀ ਭਾਵਨਾ ਤਾਂ ਸਿਖੀ ਸਪਿਰਿਟ ਤੋਂ ਉਪਜਦੀ ਹੈ। ਸ਼ਰਾਬ ਪੀ ਕੇ ਬਹਾਦਰੀ ਨਹੀਂ ਆਉਂਦੀ, ਸਗੋਂ ਅੰਦਰ ਖਰੂਦ ਹੀ ਪੈਦਾ ਹੁੰਦਾ ਹੈ।

(ਹ) ਸਿਖ ਧਰਮ ਅੰਦਰ ਮਾਸ (ਮੁਰਦਾਰ) ਅਭੱਖ ਵਸਤੂ ਹੈ, ਇਸ ਦਾ ਖਾਣਾ ਬਿਬਰਜਤ (ਪਤਿਤ ਕਰਮ) ਹੈ।

ਗੁਰਬਾਣੀ ਅੰਦਰ ਮਾੜੇ ਕੰਮਾਂ ਨੂੰ ਬਿਬਰਜਤ ਕੀਤਾ ਹੋਇਆ ਦੱਸਣ ਲਈ ਮਿਸਾਲਾਂ ਭੀ ਮਾੜੇ ਕੰਮਾਂ, ਮਾੜੀਆਂ ਚੀਜ਼ਾਂ, ਮਾੜੇ ਜਾਨਵਰਾਂ ਅਤੇ ਮਾੜੇ ਬੰਦਿਆਂ ਦੀਆਂ ਦਿੱਤੀਆਂ ਗਈਆਂ ਹਨ। ਦੂਜੇ ਪਾਸੇ ਚੰਗੇ



www.AKJ.Org

ਅਤੇ ਸ਼ੁਭ ਕਰਮਾਂ ਨੂੰ, ਕਰਨ ਯੋਗ ਦੱਸਣ ਲਈ, ਮਿਸਾਲਾਂ ਭੀ ਚੰਗੇ ਕੰਮਾਂ, ਚੰਗੀਆਂ ਚੀਜ਼ਾਂ, ਚੰਗੇ ਜਾਨਵਰਾਂ ਅਤੇ ਚੰਗਿਆਂ ਮਨੁਖਾਂ ਦੀਆ ਦਿਤੀਆਂ ਗਈਆਂ ਹਨ। ਇਹ ਸਭ ਇਸ਼ਾਰੇ-ਮਾਤਰ ਸਮਝਾਉਣੀਆਂ, ਗੁਰਮਤਿ ਅਨੁਸਾਰ ਜੀਵਨ ਢਾਲਣ ਲਈ ਹਨ, ਬੇਸ਼ਕ ਇਹ ਭਾਵੇਂ ਕਿਸੇ ਜਾਨਵਰ, ਕਿਸੇ ਪ੍ਰਾਣੀ ਜਾਂ ਕਿਸੇ ਚੀਜ਼ ਪ੍ਰਥਾਏ ਕਿਉਂ ਨਾ ਕਹੀਆਂ ਗਈਆਂ ਹੋਣ। ਮਿਸਾਲ ਦੇਣ ਵਾਸਤੇ ਕਿਸੇ ਨਾ ਕਿਸੇ ਨੂੰ ਤਾਂ ਸਾਹਮਣੇ ਰੱਖਣਾ ਹੀ ਸੀ। ਮਿਸਾਲ ਹਮੇਸ਼ਾ ਹੀ ਪ੍ਰਥਾਇ (Relavent) ਹੋਇਆ ਕਰਦੀ ਹੈ। ਇਹ ਸਾਰੀਆਂ ਮਿਸਾਲਾਂ ਗੁਰਸਿੱਖੀ ਮਾਰਗ ਉਤੇ ਚਲਣ ਵਾਲਿਆਂ ਲਈ ਚਾਨਣ-ਮੁਨਾਰੇ ਹਨ ਅਤੇ ਗੁਰਸਿਖਾਂ ਦੇ ਅਪਣਾਉਣ ਯੋਗ ਇਲਾਹੀ ਹੁਕਮ ਹਨ।

੧. ਗੁਰਬਾਣੀ ਅਨੁਸਾਰ "ਜੀਅ ਦਇਆ ਪਰਵਾਨੁ (੧੩੬)॥" ਹੈ। ਜੀਆਂ ਨੂੰ ਮਾਰਨਾ ਤਾਂ ਹੱਤਿਆ (ਪਾਪ) ਕਹਿਲਾਉਂਦਾ ਹੈ। ਜੀਆਂ ਨੂੰ ਨਾ ਮਾਰਨਾ ਹੀ ਜੀਅ-ਦਇਆ ਕਹਿਆ ਜਾਂਦਾ ਹੈ।

੨. ਅਸੰਖ ਗਲਵਢ ਹਤਿਆ ਕਮਾਹਿ (ਜਪੁਜੀ)॥ :—ਮਾਸ ਖਾਣ ਲਈ ਭੀ ਜਾਨਵਰਾਂ ਦਾ ਗਲਾ ਵੱਢਣਾ ਪੈਂਦਾ ਹੈ। ਗੁਰਬਾਣੀ ਅਨੁਸਾਰ ਗਲ ਵੱਢਣ ਨੂੰ ਹੱਤਿਆ ਕਮਾਉਣੀ (ਪਾਪ ਕਮਾਉਣਾ) ਕਰਕੇ ਦਰਸਾਇਆ ਹੈ। ਤਾਂ ਤੇ ਮਾਸ ਪ੍ਰਾਪਤ ਕਰਨ ਦਾ ਮੁੱਢ ਹੀ ਪਾਪ ਕਮਾਉਣ ਨਾਲ ਅਰੰਭ ਹੁੰਦਾ ਹੈ।

੩. ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥ ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ (੧੧੦੩)? ਜੀਆ (ਜਾਨਵਰਾਂ) ਨੂੰ ਵੱਢ ਕੇ ਉਨ੍ਹਾਂ ਦੇ ਮਾਸ ਨੂੰ ਖਾਣ ਲਈ ਝਟਕਾ ਜਾਂ ਹਲਾਲ ਦੇ ਨਾਵਾਂ ਹੇਠ ਪਰਵਾਨਗੀ ਦੇਣ ਲਈ ਕਹਿੰਦੇ ਹੋ ਕਿ ਅਜਿਹਾ ਕਰਨਾ ਧਰਮ ਹੈ (ਦਰੁਸਤ ਹੈ, ਜਾਇਜ਼ ਹੈ, ਸ੍ਰੇਸ਼ਟ ਹੈ) ਤਾਂ ਫਿਰ ਅਧਰਮ (ਨਾਜ਼ਾਇਜ਼, ਗਲਤ, ਮਾੜਾ ਜਾਂ ਪਾਪ) ਕਿਸ ਕਰਮ ਨੂੰ ਕਹਾਂਗੇ? ਜੇ ਜੀਆਂ ਨੂੰ ਵੱਢਣ ਵਾਲੇ ਆਪਣੇ ਆਪ ਨੂੰ ਮੁਨਿਵਰ (ਧਰਮੀ, ਨਰਮ-ਦਿਲ) ਕਹਿ-ਲਾਉਣਗੇ ਤਾਂ ਫਿਰ ਕਸਾਈ (ਜ਼ਾਲਮ) ਕਿਨ੍ਹਾਂ ਨੂੰ ਕਹਾਂਗੇ? ਉਪਰ ਦਰਸਾਈ ਗੁਰਬਾਣੀ ਦੀ ਤੁਕ ਦਾ ਭਾਵ ਇਹ ਹੈ ਕਿ ਜੀਆਂ ਦੇ ਗਲ ਵੱਢਣੇ ਪਾਪ (ਜ਼ੁਲਮ) ਹੈ। ਇਸ ਲਈ ਮਾਸ ਖਾਣਾ ਬਿਬਰਜਤ ਹੈ।

੪. ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ (੧੩੭੫) :—ਜੀਆਂ ਨੂੰ ਮਰਨ ਲਈ ਆਪਣੀ ਤਾਕਤ (ਜ਼ੋਰ) ਵਰਤਣਾ ਜ਼ੁਲਮ ਹੈ। ਰੱਬ ਅਜਿਹੇ ਪੁਰਸ਼ਾਂ ਦੀ ਜਵਾਬ-ਤਲਬੀ ਕਰੇਗਾ (ਜਵਾਬ-ਤਲਬੀ ਕਸੂਰਵਾਰਾਂ ਦੀ ਹੀ ਹੋਇਆ ਕਰਦੀ ਹੈ)। ਜਦੋਂ ਅਜਿਹੇ ਜ਼ੋਰਾਵਰਾਂ ਦਾ ਲੇਖਾ ਹੋਇਆ, ਉਨ੍ਹਾਂ ਨੂੰ ਮੂੰਹੋਂ ਮੂੰਹ ਮਾਰ ਖਾਣੀ ਪਵੇਗੀ। ਭਾਵ ਇਹ ਹੈ ਕਿ ਰੱਬ ਦੀ ਦਰਗਾਹ ਅੰਦਰ ਮਾਸਖੋਰ ਜ਼ਾਲਮਾਂ ਨੂੰ ਇਸ ਜ਼ੁਲਮ ਦੀ ਸਜ਼ਾ ਭੁਗਤਣੀ ਪਏਗੀ।

੫. ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ (੧੩੭੫)॥ :—ਜਿਹੜੇ ਜੀਆਂ ਨੂੰ ਜਬਰੀ ਮਾਰ ਕੇ ਕਹਿੰਦੇ ਹਨ ਕਿ ਇਹ ਹਲਾਲ (ਜਾਇਜ਼) ਹੈ, ਜਦੋਂ ਲੇਖਾ ਦੇਣਾ ਪਿਆ, ਉਨ੍ਹਾਂ ਦਾ ਕੀ ਹਾਲ ਹੋਵੇਗਾ? ਭਾਵ ਕਿ ਉਨ੍ਹਾਂ ਦਾ ਬੁਰਾ ਹਾਲ ਹੋਵੇਗਾ। ਉਹ ਸਜ਼ਾ ਪਾਉਣਗੇ, ਮਾਰ ਖਾਣਗੇ ਅਤੇ ਪਛੋਤਾਣਗੇ।

੬. ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ (੧੩੭੪)॥" ਨਿਮਕ ਵਾਲੀ (ਸਾਦਾ) ਖਿਚੜੀ ਨੂੰ ਅੰਮ੍ਰਿਤ ਕਰਕੇ ਕਿਹਾ ਹੈ, ਅਤੇ ਇਸ ਸਾਦਾ ਭੋਜਨ ਨੂੰ ਭਗਤ ਜੀ ਨੇ ਖ਼ੂਬ (ਬਹੁਤ ਚੰਗਾ, ਸਰੇਸ਼ਟ) ਕਰਕੇ ਕਿਹਾ ਹੈ: ਹੇਰਾ (ਸ਼ਿਕਾਰ ਕੀਤਾ ਮਾਸ, ਅਭੱਖ ਵਸਤੂ) ਨਾਲ ਰੋਟੀ ਖਾਣ ਨੂੰ ਰੋਕਿਆ ਹੈ ਅਤੇ ਦੱਸਿਆ ਹੈ ਕਿ ਮਾਸ ਪ੍ਰਾਪਤ ਕਰਨ ਲਈ ਹੁਣ ਅਸੀਂ ਜਾਨਵਰਾਂ ਦੇ ਗਲ ਵੱਢਾਂਗੇ ਅਤੇ ਇਸ ਦੇ ਬਦਲੇ ਅਗਲੇ ਜਨਮਾਂ ਵਿਚ ਸਾਨੂੰ ਆਪਣਾ ਗਲਾ ਕਟਾਉਣਾ ਪਏਗਾ। ਇਸ ਲਈ ਇਹ ਸਤੌਦਾ ਸਾਨੂੰ ਪੁੱਗਦਾ ਨਹੀਂ। ਹੁਣ ਮਾਸ ਖਾਣ ਦੀ ਖ਼ਾਤਰ ਕਉਣ ਮੁੜ ਆਪਣਾ ਗਲਾ ਕਟਵਾਵੇ? ਭਾਵ ਕਿ ਮਾਸ ਖਾਣ ਵਾਲਿਆਂ ਨੂੰ ਮੁੜ ਜਨਮ ਲੈ ਕੇ ਘਟ ਤੋਂ ਘਟ ਉਤਨੇ ਜਨਮ ਤਾਂ ਜ਼ਰੂਰ ਹੀ ਲੈਣੇ ਪੈਣਗੇ ਜਿਤਨਿਆਂ ਜਾਨਵਰਾਂ ਦੇ ਗਲੇ ਕੱਟ ਕੇ ਇਨ੍ਹਾਂ ਨੇ ਆਪਣੇ ਜੀਵਨ ਵਿਚ ਮਾਸ ਪ੍ਰਾਪਤ ਕੀਤਾ ਹੋਏਗਾ। ਤਾਂ ਤੇ


www.AKJ.Org

ਮਾਸ ਖਾਣ ਤੋਂ ਤੌਬਾ ਹੀ ਭਲੀ ਹੈ।

੭. ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ (੧੪੦) ॥ ਪਹਿਲੀਆਂ ਦੋਹਾਂ ਤੁਕਾਂ ਅੰਦਰ ਰੱਤ (ਲਹੂ) ਦਾ ਜ਼ਿਕਰ ਹੈ। ਕਪੜੇ ਨੂੰ ਲਹੂ ਲੱਗ ਜਾਏ ਤਾਂ ਕਪੜਾ ਪਲੀਤ (ਗੰਦਾ) ਹੋ ਜਾਂਦਾ ਹੈ। ਜੇ ਲਹੂ ਪੀਤਾ ਜਾਏ ਤਾਂ ਮਨ ਪਲੀਤ ਹੋ ਜਾਂਦਾ ਹੈ (ਭਾਵ ਕਿ, ਮਨ ਨਿਰਮਲ ਨਹੀਂ ਰਹਿੰਦਾ)। ਉਪਰ ਦਰਸਾਈਆਂ ਦੋਹਾਂ ਤੁਕਾਂ ਦਾ ਇਹ ਸਿੱਧਾ ਅਤੇ ਸਪੱਸ਼ਟ ਭਾਵ ਹੈ। ਕਈ ਮਾਸ-ਅਹਾਰੀ ਸਿੱਖ ਦੂਸਰੀ ਤੁਕ ਦਾ ਅਰਥ ਇਹ ਦੱਸਦੇ ਹਨ ਕਿ ਜਿਹੜੇ ਲੋਕ ਮਾਣਸਾਂ (ਆਦਮੀਆਂ) ਦਾ ਲਹੂ ਪੀਂਦੇ ਹਨ (ਭਾਵ ਕਿ ਮਾਣਸਾਂ ਨੂੰ ਲੁੱਟ ਲੁੱਟ ਕੇ ਖਾਂਦੇ ਹਨ, ਅਥਵਾ ਦੂਸਰਿਆਂ ਦੀ ਕਮਾਈ ਖਾਂਦੇ ਹਨ) ਉਨ੍ਹਾਂ ਦਾ ਚਿੱਤ ਨਿਰਮਲ ਨਹੀਂ ਹੋ ਸਕਦਾ। ਉਪਰ ਦਰਸਾਈਆਂ ਪਹਿਲੀਆਂ ਦੋਹਾਂ ਤੁਕਾਂ ਅੰਦਰ ਕਮਾਈ ਦੀ ਕਿਸਮ ਦਾ ਜ਼ਿਕਰ ਬਿਲਕੁਲ ਹੀ ਨਹੀਂ ਹੋ ਰਿਹਾ ਕਿ ਕਿਸ ਪ੍ਰਕਾਰ ਦੀ ਕਮਾਈ ਚੰਗੀ ਹੈ ਅਤੇ ਕਿਸ ਪ੍ਰਕਾਰ ਦੀ ਕਮਾਈ ਮੰਦੀ ਹੈ। ਏਥੇ ਤਾਂ ਕੇਵਲ ਸਾਦੇ ਤੌਰ ਤੇ ਲਹੂ ਦਾ ਹੀ ਜ਼ਿਕਰ ਹੈ ਕਿ ਜੇ ਲਹੂ ਬਾਹਰ ਲੱਗ ਜਾਏ ਤਾਂ ਬਾਹਰਲਾ (ਕਪੜਾ) ਗੰਦਾ ਅਤੇ ਜੇ ਲਹੂ ਪੀਤਾ ਜਾਏ ਤਾਂ ਅੰਦਰਲਾ (ਚਿਤ) ਗੰਦਾ। ਇਸ ਤਰ੍ਹਾਂ ਲਹੂ ਨੂੰ ਅਪਵਿਤਰ ਵਸਤੂ ਦਰਸਾਇਆ ਗਿਆ ਹੈ। ਲਹੂ ਲੱਗ ਕੇ ਕਪੜੇ ਦਾ ਪਲੀਤ ਹੋ ਜਾਣਾ ਤਾਂ ਬੜੀ ਸਿੱਧੀ ਜਿਹੀ ਗੱਲ ਹੈ। ਹੁਣ ਆਈ ਗੱਲ ਲਹੂ ਪੀਣ (ਅਥਵਾ ਮਾਸ ਖਾਣ) ਵਾਲਿਆਂ ਦੀ। ਲਹੂ (ਮਾਸ) ਦੀ ਪ੍ਰਾਪਤੀ ਕਿਸੇ ਜੀਅ ਨੂੰ ਜਾਨੋਂ ਮਾਰ ਕੇ ਹੀ ਹੋ ਸਕਦੀ ਹੈ। ਇਹ ਕਰਤੱਵ ਮਨ ਦੀ ਜ਼ਾਲਮਾਨਾ (ਨਿਰਦਇਅਤਾ ਅਥਵਾ ਬੇ-ਰਹਿਮੀ) ਰੁਚੀ ਦਾ ਸੂਚਕ ਹੈ। ਇਸ ਲਈ ਨਿਰਦਈ ਮਨ ਨਿਰਮਲ ਨਹੀਂ ਕਹਿਲਾ ਸਕਦਾ। ਦਇਆਵਾਨ ਦਾ ਹੀ ਮਨ ਨਿਰਮਲ ਕਹਿਲਾਏਗਾ। ਅਗਲੀ ਤੁਕ ਰਾਹੀਂ ਗੁਰੂ ਜੀ ਫੁਰਮਾਉਂਦੇ ਹਨ ਕਿ ਰੱਬ ਦਾ ਨਾਉਂ ਨਿਰਮਲ ਮਨ (ਹਛੇ ਦਿਲ) ਨਾਲ ਜਪਹੁ। ਇਸ ਦਾ ਸਿੱਧਾ ਭਾਵ ਹੈ ਕਿ ਜੇ ਨਾਮ ਨਿਰਮਲ ਚਿੱਤ ਨਾਲ ਨਹੀਂ ਜਪਿਆ ਤਾਂ ਗੁਰੂ ਜੀ ਨੂੰ ਇਹ ਪ੍ਰਵਾਨ ਨਹੀਂ ਹੈ। ਸੋ ਇਸ ਤੁਕ ਰਾਹੀਂ ਗੁਰੂ ਸਾਹਿਬ ਜੀ ਨੇ ਮਾਸ-ਅਹਾਰੀਆਂ ਦੀ ਪਾਠ-ਪੂਜਾ ਨੂੰ ਅਪ੍ਰਵਾਨ ਕੀਤਾ ਹੈ। ਮਾਸ ਖਾਣਾ ਬੇਰਹਿਮ ਮਨ ਦਾ ਸੂਚਕ ਹੈ। ਇਸ ਲਈ ਮਾਸ ਬਿਬਰਜਤ ਹੈ।

੮. ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ (੯੬੮) ॥... ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ (੯੬੭) ॥ ਗੁਰੂ ਕੇ ਲੰਗਰ ਦਾ ਜ਼ਿਕਰ ਕਰਦਿਆਂ ਹੋਇਆਂ ਗੁਰਬਾਣੀ ਦਰਸਾਉਂਦੀ ਹੈ ਕਿ ਗੁਰੂ ਕੀ ਰਸੋਈ (ਲੰਗਰ) ਵਿਚ ਨਿਤਾਪ੍ਰਤੀ ਘਿਉ, ਮੈਦਾ, ਖੀਰ (ਚਾਵਲ, ਦੁੱਧ, ਖੰਡ) ਆਦਿ ਅੰਮ੍ਰਿਤ ਖਾਣੇ ਹੀ ਤਿਆਰ ਹੁੰਦੇ ਰਹਿੰਦੇ ਹਨ। ਜੇ ਮਾਸ ਖਾਣ ਜੋਗ ਵਸਤੂ ਹੁੰਦੀ ਤਾਂ ਰਸੋਈ (ਲੰਗਰ) ਦੇ ਸਨਬੰਧ ਵਿਚ ਇਸ ਦਾ ਜ਼ਿਕਰ ਜ਼ਰੂਰ ਆਉਣਾ ਸੀ। ਪਰ ਆਇਆ ਨਹੀਂ।

ਇਸ ਤੁਕ ਅੰਦਰ ਵਿਸ਼ੇਸ਼ ਧਿਆਨ "ਨਿਤ" ਵਲ ਦੇਣ ਦੀ ਲੋੜ ਹੈ। 'ਨਿਤ' ਦਾ ਭਾਵ ਹੈ ਕਿ ਹਰ ਸਮੇ (ਹਮੇਸ਼ਾ) ਜਦੋਂ ਭੀ ਲੰਗਰ ਤਿਆਰ ਹੁੰਦਾ ਹੈ। ਉਪਰ ਦਰਸਾਈਆਂ ਖਾਣ ਯੋਗ ਅੰਮ੍ਰਿਤ ਰੂਪੀ ਵਸਤੂਆਂ ਦਾ ਖਾਣ (ਪਕਵਾਨ) ਨਿਤ (ਹਰ ਵੇਲੇ ਹੀ) ਤਿਆਰ ਹੁੰਦਾ ਰਹਿੰਦਾ ਹੈ।

੯. ਭਗਤਾਂ ਨੇ ਰੱਬ ਪਾਸੋਂ ਖਾਣ ਯੋਗ ਵਸਤੂਆਂ ਮੰਗਣ ਲੱਗਿਆਂ ਕੇਵਲ ਘਿਉ, ਦਾਲ, ਅਨਾਜ, ਲੂਣ, ਪਾਣੀ, ਦੁੱਧ (ਗਊ ਭੈਸ ਮੰਗਉ ਲਾਵੇਰੀ—੬੯੫) ਆਦਿ ਦੀ ਹੀ ਮੰਗ ਕੀਤੀ ਹੈ। ਜੇ ਮਾਸ ਖਾਣ ਜੋਗ ਵਸਤੂ ਹੁੰਦੀ ਤਾਂ ਕਿਸੇ ਨਾ ਕਿਸੇ ਭਗਤ ਨੇ ਜ਼ਰੂਰ ਇਸ ਦੀ ਮੰਗ ਕਰ ਲੈਣੀ ਸੀ। ਪਰ ਕੀਤੀ ਨਹੀਂ। ਜੇ ਮੰਗਣ ਹੀ ਲੱਗ ਪਏ, ਅਤੇ ਓਹ ਭੀ ਰੱਬ ਪਾਸੋਂ ਤਾਂ ਫਿਰ ਝਿਜਕ ਕਿਸ ਬਾਤ ਦੀ ? ਲਵੇਰੀ ਗਊ ਅਤੇ ਲਵੇਰੀ ਭੈਂਸ ਤੱਕ ਤਾਂ ਮੰਗ ਲਈਆਂ, ਪਰ ਸੇਰ, ਅੱਧ-ਸੇਰ ਮਾਸ ਨਾ ਕਿਸੇ ਮੰਗਿਆ ਅਤੇ ਨਾ ਹੀ ਕਿਸੇ ਨੇ ਸੂਰ, ਬਕਰਾਂ ਜਾਂ ਕੁੱਕੜ ਬਟੇਰਾ ਮੰਗੇ। ਇਸ ਤੋਂ ਸਪੱਸ਼ਟ ਹੈ ਕਿ ਮਾਸ ਅਭੱਖ ਹੈ, ਇਹ ਬਿਲਕੁਲ ਹੀ ਖਾਣ ਯੋਗ ਵਸਤੂ ਨਹੀਂ ਹੈ।

[ਬਾਕੀ ਆਉਂਦੇ 'ਸੂਰਾ" ਵਿਚ



www.AKJ.Org

# ਪੂਰਨ ਮਨੁਖ–ਖਾਲਸਾ

[ਬੀਬੀ ਭੁਪਿੰਦਰ ਕੌਰ ਜੀ, ਸ੍ਰੀ ਅੰਮ੍ਰਿਤਸਰ]

ਗੁਰਬਾਣੀ ਅਨੁਸਾਰ ਧਰਤੀ, ਧਰਮ ਦੇ ਆਸਰੇ ਖੜੀ ਹੈ। ਧਰਮ-ਹੀਣ ਮਨੁਖ ਹਰ ਵੇਲੇ ਆਪਣੇ ਆਪ ਨੂੰ ਸਖਣਾ ਮਹਿਸੂਸ ਕਰਦਾ ਹੈ। ਉਸ ਦੇ ਜੀਵਨ ਦੀ ਕੋਈ ਮੰਜ਼ਿਲ ਨਹੀਂ, ਸਗੋਂ ਉਹ ਐਵੇਂ ਕਟੀ ਪਤੰਗ ਵਾਂਗ, ਜਿਸ ਦੀ ਡੋਰ ਕਿਸੇ ਦੇ ਵੀ ਹੱਥ ਵਿਚ ਨਹੀਂ, ਡਕੋ-ਡੋਲੇ ਖਾਂਦਾ ਫਿਰਦਾ ਹੈ। ਉਹ ਅੰਦਰੂਨੀ ਤੌਰ ਤੇ ਕਿਸੇ ਦੇ ਨਾਲ ਜੁੜਿਆ ਨਹੀਂ ਹੁੰਦਾ। ਮਨੁਖੀ ਪੂਰਨਤਾ ਲਈ ਇਹ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ ਕਿ ਮਨੁਖ ਆਪਣੇ ਅਸਲੇ ਨਾਲ ਜੁੜਿਆ ਹੋਵੇ।

ਮਨੁੱਖੀ ਬਣਤਰ ਵਿਚ ਦੋ ਚੀਜ਼ਾਂ ਮਹੱਤਵ-ਪੂਰਨ ਹਨ; ਸਰੀਰ ਅਤੇ ਆਤਮਾ। ਇਹ ਪੰਚ-ਭੂਤਕ ਸਰੀਰ ਦੁਨਿਆਵੀ ਪਦਾਰਥਾਂ ਦੇ ਆਸਰੇ ਤੇ ਹੀ ਜੀਂਦਾ ਹੈ। ਜਿਵੇਂ ਮਨੁਖੀ ਸਰੀਰ ਲਈ ਬਾਹਰਲੇ ਪਦਾਰਥਾਂ ਦੀ ਲੋੜ ਹੈ, ਇਵੇਂ ਹੀ ਆਤਮਾ ਨੂੰ ਅਨੰਦਤ ਰਖਣ ਲਈ ਧਰਮ ਦੀ ਲੋੜ ਹੈ। ਧਰਮੀ ਮਨੁਖ ਦਾ ਪ੍ਰਧਾਨ ਲਛਣ ਇਹ ਹੈ ਕਿ ਉਹ ਇਕ ਅਕਾਲ ਦਾ ਪੁਜਾਰੀ ਹੁੰਦਾ ਹੈ।

ਪੁਰਾਤਨ ਇਤਿਹਾਸ ਨੂੰ ਘੋਖੀਏ ਤਾਂ ਪਤਾ ਚਲਦਾ ਹੈ ਕਿ ਪੁਰਾਤਨ ਮਨੁਖ ਕਿਤਨਾ ਕਰਮ-ਕਾਂਡੀ ਸੀ। ਲੋਕਾਂ ਦਾ ਧਰਮ ਪੱਥਰਾਂ, ਸੂਰਜ, ਪਉਣ, ਪਾਣੀ, ਅਗਨੀ ਆਦਿ ਦੀ ਪੂਜਾ ਤਕ ਹੀ ਸੀਮਤ ਸੀ ਤੇ ਇਹ ਸਭ ਕੁਝ ਨਿਜੀ ਇਛਾਵਾਂ ਦੀ ਪੂਰਤੀ ਦਾ ਸਾਧਨ ਹੀ ਬਣਿਆ ਹੋਇਆ ਸੀ। ਬਹੁਤੀ ਲੁਕਾਈ ਭਰਮ-ਭੁਲਾਵਿਆਂ ਵਿਚ ਹੀ ਜੀਵਨ ਦੀ ਅਮੁਲੀ ਦਾਤ ਗੁਆਈ ਜਾ ਰਹੀ ਸੀ ਤੇ ਇਸ ਘੁੰਮਣ-ਘੇਰੀ ਵਿਚ ਫਸ ਕੇ ਅਸਲੀਅਤ ਤੋਂ ਬਹੁਤ ਦੂਰ ਸੀ। ਇਸ ਗੋਰਖ-ਧੰਦੇ ਵਿਚ ਫਸੀ ਲੁਕਾਈ ਨੂੰ ਕੋਈ ਜੀਵਨ-ਸੇਧ ਦੇਣ ਵਾਲਾ, ਸੱਚ ਦਾ ਰੂਪ, ਦਿਲ ਦਾ ਮਹਿਰਮ ਮਿਲਿਆ ਨਹੀਂ ਸੀ। ਇਸ ਸੰਸਾਰ ਦੇ ਘਣ-ਚਕਰ ਵਿਚੋਂ ਕੇਵਲ ਓਹੀ ਨਿਕਲ ਸਕਦਾ ਸੀ ਜੋ ਇਸ ਮਨੁਖੀ ਜਾਮੇ ਵਿਚ ਸੱਚ ਦਾ ਪੁਜਾਰੀ ਹੋਵੇ; ਅਤੇ ਸੱਚ ਦਾ ਪੁਜਾਰੀ ਹੋਣ ਲਈ ਦੈਵੀ ਗੁਣ ਧਾਰਨ ਕਰਨ ਦੀ ਲੋੜ ਸੀ।

ਦੁਨੀਆ ਦੀ ਪੁਕਾਰ ਸੁਣ ਕੇ, ਜੀਵਾਂ ਨੂੰ ਇਸ ਭਉਜਲ ਵਿਚੋਂ ਕਢਣ ਲਈ, ਅਕਾਲ ਪੁਰਖ ਦੇ ਹੁਕਮ ਅਨੁਸਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਸਤਿਗੁਰਾਂ ਨੇ ਮੁਕੰਮਲ ਇਨਸਾਨ ਦਾ ਚਿਤਰ ਅਪਣੀ ਦ੍ਰਿਸ਼ਟੀ ਵਿਚ ਚਿਤਰਿਆ–ਅਜਿਹਾ ਸਾਬਤ ਸੂਰਤ ਅਤੇ ਨੇਕ-ਸੀਰਤ ਮਨੁਖ, ਜੋ ਇਕ ਅਤੇ ਕੇਵਲ ਇਕ ਅਕਾਲ ਦਾ ਪੁਜਾਰੀ ਹੋਵੇ, ਜਿਸ ਨੇ ਇਹ ਸੂਰਜ ਚੰਨ ਪਉਣ ਪਾਣੀ ਅਗਨੀ ਆਦਿ ਬਣਾਏ ਹੋਏ ਹਨ ਅਤੇ ਜੋ ਇਨ੍ਹਾਂ ਸ਼ਕਤੀਆਂ ਦਾ ਸਰਬ-ਸ਼ਕਤੀਮਾਨ ਮਾਲਕ ਹੈ।

ਅਗਿਆਨਤਾ ਵਿਚ ਫਸੇ ਹੋਏ ਮਨੁਖ ਨੂੰ ਇਸ ਮੰਜ਼ਿਲ ਤੀਕ ਪਹੁੰਚਣ ਲਈ ਖੜੀ ਕਠਨ ਘਾਲਣਾ ਤੇ ਤਪੱਸਿਆ ਦੀ ਲੋੜ ਸੀ। ਸੋ ਗੁਰੂ ਪਾਤਸ਼ਾਹ ਨੇ ਸਰੀਰਕ, ਆਚਰਨਕ ਤੇ ਆਤਮਕ ਪੱਖਾਂ ਵਲੋਂ ਪੂਰਨ ਮਨੁਖ ਦੇ ਇਸ ਚਿਤਰ ਨੂੰ ਸਹੀ ਰੂਪ ਦੇਣ ਲਈ ੨੪੦ ਸਾਲ ਤੀਕ, ਆਪ ਨੌਂ ਜਾਮਿਆਂ ਵਿਚ ਕਠਨ ਘਾਲਣਾ ਘਾਲ ਕੇ, ਉਹ ਸਦ-ਗੁਣ, ਜੋ ਉਹ ਉਸ ਮਨੁੱਖ ਵਿਚ ਭਰਨਾ ਚਾਹੁੰਦੇ ਸਨ, ਸੰਸਾਰ ਦੇ ਸਾਹਵੇਂ ਅਮਲੀ ਰੂਪ ਵਿਚ ਕਮਾ ਕੇ ਪੇਸ਼ ਕੀਤੇ। ਆਪ ਨੇ ਲੁਕਾਈ ਦੇ ਹਰ ਇਕ ਦੁਖ ਨੂੰ ਆਪਣਾ ਦੁਖ ਸਮਝ ਕੇ, ਚਾਹੇ ਉਹ ਦੁਨਿਆਵੀ ਸੀ ਜਾਂ ਆਤਮਕ, ਉਸ ਨੂੰ ਨਿਵਾਰਨ ਲਈ ਹਰ ਹੀਲਾ ਕੀਤਾ ਤੇ ਦੁਨੀਆ ਦੇ ਸਾਹਮਣੇ ਇਕ ਮਿਸਾਲ ਪੇਸ਼ ਕੀਤੀ। ਆਪ ਜੀ ਨੇ ਮਨੁੱਖੀ ਪੂਰਨਤਾ ਲਈ ਤਿੰਨ ਪ੍ਰਮੁਖ ਨਿਸ਼ਾਨੇ ਨਿਰਧਾਰਤ ਕੀਤੇ–

(੧) ਧਰਮ ਦੀ ਕਿਰਤ ਕਰਨੀ, (੨) ਨਾਮ ਜਪਣਾ, (੩) ਵੰਡ ਛਕਣਾ।

ਉਪਰੋਕਤ ਨਿਸ਼ਾਨੇ ਦ੍ਰਿੜ੍ਹ ਕਰਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ। ਦੂਜੇ ਜਾਮੇ ਵਿਚ ਸ੍ਰੀ



www.AKJ.Org

ਗੁਰੂ ਅੰਗਦ ਦੇਵ ਜੀ ਨੇ ਹੁਕਮ ਦੀ ਪਾਲਣਾ ਦਾ ਨਮੂਨਾ ਪੇਸ਼ ਕੀਤਾ। ਹੁਕਮ ਦੀ ਪਾਲਣਾ ਕੇਵਲ ਅਜਿਹਾ ਹੀ ਵਿਅਕਤੀ ਕਰ ਸਕਦਾ ਹੈ ਜਿਸ ਨੇ ਆਪਾ ਭਾਵ ਦਾ ਅਭਾਵ ਕਰ ਦਿਤਾ ਹੋਵੇ। ਆਪ ਜੀ ਦੇ ਜੀਵਨ ਵਿਚ ਵਾਪਰੀਆਂ ਆਗਿਆ ਪਾਲਣ ਕਰਨ ਦੀਆਂ ਅਨੇਕ ਮਿਸਾਲਾਂ ਵਿਚੋਂ ਗੰਦੇ ਪਾਣੀ ਵਿਚ ਸੁਟਿਆ ਕੌਲ ਕਢ ਲਿਆਉਣਾ, ਚਿੱਕੜ ਨਾਲ ਲਿਬੜੇ ਘਾਹ ਦੀ ਪੰਡ ਚੁਕ ਲੈਣੀ, ਸਿਆਲੀ ਰਾਤੇ ਵਸਦੇ ਮੀਂਹ ਵਿਚ ਸਾਰੀ ਰਾਤ ਧਰਮਸਾਲ ਦੀ ਕੰਧ ਬਣਾਉਂਦੇ ਰਹਿਣਾ, ਕੁਤਕੇ ਨਾਲ ਮਾਰ ਪੈਣ ਤੇ ਵੀ ਸਤਿਗੁਰਾਂ ਦਾ ਪਿੱਛਾ ਨਾ ਛੱਡਣਾ ਅਤੇ ਅੰਤ ਵਿਚ ਮੁਰਦਾ ਖਾਣ ਲਈ ਰਜ਼ਾਮੰਦ ਹੋ ਜਾਣਾ ਮਹੱਤਵ-ਪੂਰਨ ਉਦਾਹਰਣਾਂ ਹਨ।

ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਊਚ ਨੀਚ ਦੇ ਭੇਦ-ਭਾਵ ਨੂੰ ਖਤਮ ਕਰਨ ਲਈ ਸੰਗਤ ਪੰਗਤ ਦੀ ਪ੍ਰਥਾ ਚਲਾਈ ਅਤੇ ਸਤੀ ਹੋਣ ਦੀ ਰਸਮ ਦੀ ਕਰੜੀ ਨਿੰਦਾ ਕੀਤੀ। ਵੱਡਾ ਪੂਰਨਾ ਮਨੁੱਖ ਮਾਤਰ ਲਈ, ਜੋ ਆਪ ਜੀ ਨੇ ਪਾਇਆ, ਉਹ ਸੀ ਉਹਨਾਂ ਵਲੋਂ ਕੀਤੀ ਹੋਈ, ਕਰੜੀ ਸੇਵਾ। ੭੦-੮੦ ਸਾਲ ਦੀ ਬਿਰਧ ਅਵਸਥਾ ਵਿਚ ਉਹਨਾ ਨੇ ਜੋ ਸੇਵਾ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਤਨ ਮਨ ਨਾਲ ਕੀਤੀ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਅੱਧੀ ਰਾਤ ਬਿਆਸਾ (ਸ੍ਰੀ ਗੋਇੰਦਵਾਲ) ਤੋਂ ਜਲ ਦੀਆਂ ਗਾਗਰਾਂ ਭਰ ਕੇ ਲਿਆਉਣੀਆਂ, ਉਹ ਵੀ ਪੁੱਠੀਂ ਪੈਰੀਂ ਜਾ ਕੇ, ਕਿ ਕਿਧਰੇ ਸਤਿਗੁਰਾਂ ਵਲ ਪਿੱਠ ਨਾ ਹੋ ਜਾਵੇ।

ਚੌਥੇ ਸਤਿਗੁਰਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਸੇਵਾ ਨੂੰ ਮੁਖ ਰਖਿਆ ਅਤੇ ਆਪਣੇ ਹੱਥੀਂ ਸੇਵਾ ਕਰ ਕੇ ਬਹੁਤ ਖ਼ੁਸ਼ ਹੁੰਦੇ। ਸੇਵਾ ਨੂੰ ਹੀ ਮੁਖ ਰਖ ਕੇ, ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸਿੱਖਾਂ ਵਿਚ ਇਹ ਜਜ਼ਬਾ ਪੈਦਾ ਕੀਤਾ ਕਿ ਜਿਥੇ ਜਿਥੇ ਵੀ ਗੁਰਸਿਖਾਂ ਦੀ ਵਸੋਂ ਹੋਵੇ, ਉਥੇ ਧਰਮ-ਕੇਂਦਰ ਜ਼ਰੂਰ ਹੋਵੇ। ਇਸੇ ਭਾਵਨਾ ਦੇ ਅਧੀਨ, ਸਿੱਖ ਕਿਧਰੇ ਵੀ ਹੋਵੇ, ਦੇਸ਼ ਵਿਚ ਜਾਂ ਪ੍ਰਦੇਸ, ਆਪਣੇ ਰਹਿਣ ਲਈ ਝੁੱਗੀ ਹੋਵੇ ਜਾਂ ਨਾ, ਪਰ ਗੁਰਦੁਆਰਾ ਸਥਾਪਨ ਕਰਨ ਲਈ ਤਨ ਮਨ ਧਨ ਅਰਪਣ ਕਰਨ ਤੋਂ ਸੰਕੋਚ ਨਹੀਂ ਕਰਦਾ।

ਪੰਜਵੇਂ ਗੁਰੂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਥੇ ਸਿੱਖਾਂ ਵਿਚ ਸਿਦਕ ਦੀ ਭਾਵਨਾ ਭਰੀ, ਉਥੇ ਪਰਉਪਕਾਰ ਦਾ ਜਜ਼ਬਾ ਵੀ ਨਾਲ ਹੀ ਬਖ਼ਸ਼ਿਆ ਅਤੇ ਪਰਤੱਖ ਤੌਰ ਤੇ ਦਸਿਆ ਕਿ ਦੂਜਿਆਂ ਨੂੰ ਸੜਦੇ ਬਲਦੇ ਸੰਸਾਰ ਵਿਚੋਂ ਕਢਣ ਲਈ ਪਹਿਲਾਂ ਆਪ ਸੇਕ ਸਹਿਣਾ ਪੈਂਦਾ ਹੈ। ਸੰਸਾਰਕ ਔਕੜਾਂ ਖਿੜੇ ਮੱਥੇ ਸਹਿ ਕੇ, ਸ਼ਾਂਤ ਰਹਿ ਕੇ, ਵਾਹਿਗੁਰੂ ਦੀ ਰਜ਼ਾ ਨੂੰ ਕਬੂਲ ਕਰਨਾ ਹੈ। ਇਹ ਸਾਰਾ ਕੁਝ ਸਹਿ ਕੇ, ਅਕਾਲ ਪੁਰਖ ਦੇ ਭਾਣੇ ਨੂੰ ਮੰਨ ਕੇ ਸੰਸਾਰ ਅਗੇ ਮਿਸਾਲ ਪੇਸ਼ ਕੀਤੀ। ਆਪ ਜੀ ਨੇ ਸੜਦੇ ਬਲਦੇ ਸੰਸਾਰ ਦੀ ਮਾਨਸਿਕ ਸ਼ਾਂਤੀ ਅਤੇ ਆਤਮਿਕ ਕਲਿਆਣ ਲਈ, ਪ੍ਰਥਮ ਸਤਿਗੁਰਾਂ ਅਤੇ ਭਗਤਾਂ ਦੀ ਬਾਣੀ ਇਕੱਤਰ ਕਰ ਕੇ, ਕਲਜੁਗ-ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਅਤੇ ਸੰਸਾਰ ਨੂੰ ਇਹ ਅਮੋਲਕ ਖਜ਼ਾਨਾ ਬਖਸ਼ਿਆ।

ਛਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਕਤ ਦੀ ਨਜ਼ਾਕਤ ਨੂੰ ਵੇਖ ਕੇ ਸਿੱਖਾਂ ਵਿਚ ਅਣਖ ਦੀ ਭਾਵਨਾ ਭਰੀ ਤੇ ਸੈਨਿਕ ਜਥੇਬੰਦੀ ਲਈ ਪ੍ਰੇਰਨਾ ਦਿਤੀ, ਅਤੇ ਸਿਖਾਂ ਵਿਚ ਬੀਰ ਰਸ ਦੀ ਸਪਿਰਿਟ ਭਰੀ। ਇਥੋਂ ਜ਼ੁਲਮ ਜਬਰ ਦੀ ਵਿਰੋਧਤਾ ਅਰੰਭ ਹੋਈ ਤੇ ਹਾਲਾਤ ਦੇ ਅਨੁਸਾਰ ਭਗਤੀ ਦੇ ਨਾਲ ਨਾਲ ਸ਼ਕਤੀ ਸੰਗਠਿਤ ਕੀਤੀ ਗਈ।

ਸਤਵੇਂ ਜਾਮੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਸਾਦਗੀ ਵਲ ਪ੍ਰੇਰਿਆ, ਗੁਰਬਾਣੀ ਦਾ ਸਤਿਕਾਰ ਕਰਨਾ ਸਿਖਾਇਆ ਅਤੇ ਤਿਆਗ ਦੀ ਭਾਵਨਾ ਪੈਦਾ ਕੀਤੀ। ਗੁਰਬਾਣੀ ਦਾ ਇਕ ਸ਼ਬਦ ਬਦਲਣ ਤੇ ਆਪਣੇ ਪੁੱਤਰ ਸ੍ਰੀ ਰਾਮ ਰਾਇ ਜੀ ਨੂੰ ਮੁੜ ਮੂੰਹ ਨਹੀਂ ਲਾਇਆ। ਆਪ ਜੀ ਨੇ ਬਾਹਰਮੁਖੀ ਦਿਖਾਵੇ ਤੋਂ ਵਰਜ ਕੇ ਅਸਲੀਅਤ ਵਲ ਪ੍ਰੇਰਿਆ ਤੇ ਫੁਰਮਾਇਆ ਕਿ ਬਾਹਰੀ ਪ੍ਰਗਟਾਵੇ ਦੀ ਭਾਵਨਾ ਅਧੀਨ ਸਿਮਰਨ ਵੀ



www.AKJ.Org

ਨੁਮਾਇਸ਼ ਬਣ ਜਾਂਦਾ ਹੈ ।

ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਨੁਖੀ ਅਕਲ ਸਿਆਣਪ ਤੇ ਅਧਾਰਿਤ ਉਹ ਸਾਰੀਆਂ ਧਾਰਨਾਵਾਂ ਬਦਲ ਦਿਤੀਆਂ ਕਿ ਛੋਟੀ ਉਮਰ ਵਿਚ ਗੰਭੀਰਤਾ ਜਾਂ ਦੂਰ-ਦ੍ਰਿਸ਼ਟੀ ਨਹੀਂ ਹੁੰਦੀ । ਆਪ ਜੀ ਪੰਜ ਸਾਲ ਦੀ ਉਮਰ ਵਿਚ ਹੀ ਉਚ ਪ੍ਰਤਿਭਾ ਤੇ ਆਤਮਿਕ ਸ਼ਕਤੀ ਦੇ ਸੁਆਮੀ ਸਨ । ਸਾਢੇ ਸਤ ਸਾਲ ਦੀ ਉਮਰ ਵਿਚ ਹੀ ਦੂਜਿਆਂ ਦੀਆਂ ਬੀਮਾਰੀਆਂ ਤੇ ਕਸ਼ਟ ਨਿਵਾਰਨ ਕਰ ਕੇ ਆਪਣੇ ਸਰੀਰ ਤੇ ਬੀਮਾਰੀਆਂ ਝਲੀਆਂ । ਇਕ ਮੂਰਖ ਬੁਧ ਵਾਲੇ ਝੀਊਰ ਦੇ ਸਿਰ ਤੇ ਛੜੀ ਰਖ ਕੇ, ਉਸ ਪਾਸੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਾ ਦਿਤੇ ਤੇ ਵਡੀਆਂ ਉਮਰਾਂ ਦੇ ਪੰਡਿਤਾਂ ਨੂੰ ਦਰਸਾ ਦਿਤਾ ਕਿ ਸਰੀਰਕ ਉਮਰ ਦਾ ਆਤਮਿਕ ਵਿਗਾਸ ਦੇ ਸੰਬੰਧ ਵਿਚ ਕੋਈ ਤੁਅੱਲਕ ਨਹੀਂ ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਾਂ ਭਗਤੀ, ਤਿਆਗ ਤੇ ਵੈਰਾਗ ਦੇ ਪੁੰਜ ਸਨ । ਆਪ ਜੀ ਨੇ ੧੯ ਸਾਲ ਬਾਬਾ ਬਕਾਲਾ ਵਿਖੇ ਭੋਰੇ ਵਿਚ ਛੁਪੇ ਰਹਿ ਕੇ ਕਠਨ ਤਪ ਕੀਤਾ । ਆਪ ਜੀ ਉਦੋਂ ਹੀ ਪ੍ਰਗਟ ਹੋਏ ਜਦੋਂ ਧਰਮ ਦੀ ਖ਼ਾਤਰ ਬਲੀ-ਦਾਨ ਦੀ ਲੋੜ ਪਈ ।

ਹੁਣ ਅੰਤਿਮ ਪੜਾਅ ਵੀ ਨੇੜੇ ਆ ਚੁਕਾ ਸੀ । ਸ੍ਰੀ ਗੁਰੂ ਨਾਨਕ ਸਾਹਿਬ ਦਾ ਉਦੇਸ਼ ਪੂਰਾ ਹੋਣ ਵਾਲਾ ਸੀ। ਹੁਣ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸੇ ਨੂੰ ਆਪਣਾ ਰੂਪ ਬਖਸ਼ਿਆ ਅਤੇ ਇਸ ਆਦਰਸ਼ਕ ਤੇ ਪੂਰਨ ਮਨੁਖ ਨੂੰ ਸੰਸਾਰ ਅਗੇ ਪੇਸ਼ ਕੀਤਾ । ਇਸ ਤਰ੍ਹਾਂ ਜੋ ਬੀਜ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੀਜਿਆ ਸੀ, ਨੌਂ ਜਾਮਿਆਂ ਵਿਚ ਉਸ ਨੂੰ ਆਗਿਆ ਪਾਲਣ, ਹੁਕਮ ਮੰਨਣ, ਸੇਵਾ, ਨਿੰਮਰਤਾ, ਤਿਆਗ, ਭਾਣਾ ਮੰਨਣ, ਸ਼ਕਤੀ ਤੇ ਵੈਰਾਗ ਦਾ ਜਲ ਸਿੰਚ ਕੇ ਇਕ ਸੋਹਣਾ ਮਹਿਕਦਾਰ ਫੁਲ ਬਣਾਇਆ, ਜੋ ਚਾਰੋਂ ਪਾਸੇ ਆਪਣੇ ਸੋਹਣੇ ਗੁਣਾਂ ਤੇ ਜੀਵਨ-ਜਾਚ ਦੀ ਮਹਿਕ ਖਲੇਰ ਸਕੇ । ਪਰ ਨਾਲ ਹੀ ਉਸ ਸੋਹਣੇ ਫੂਲ ਦੀ ਸੰਭਾਲ ਲਈ ਪੰਜ ਕਕਾਰ ਧਾਰਨ ਕਰਨ ਅਤੇ ਚਾਰ ਬਜਰ ਕੁਰਹਿਤਾਂ ਤੋਂ ਬਚਣ ਦੀ ਵਾੜ ਵੀ ਲਗਾ ਦਿਤੀ ਤਾਂ ਜੁ ਆਦਰਸ਼ਕ ਮਨੁੱਖ "ਗੁਰਸਿਖ" ਇਸ ਰਹਿਤ ਦੀ ਵਾੜ ਸਦਕਾ ਸੁਰੱਖਿਅਤ ਰਹਿ ਕੇ, ਸਮੁੱਚੇ ਸੰਸਾਰ ਵਿਚ ਆਪਣੇ ਉਚੇ ਜੀਵਨ ਦੀ ਸੁਗੰਧੀ ਫੈਲਾਂਦਾ ਰਹੇ ਅਤੇ ਇਹ ਆਤਮਿਕ ਜਾਗ ਅਗੇ ਲਗਦੀ ਰਵੇ । ਇਸ ਤਰ੍ਹਾਂ "ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮ ਧਿਆਇਆ*" ਮੋਈ ਗੁਰਵਾਕ ਦੀ ਕਲਾ ਨਿਰੰਤਰ ਵਰਤਦੀ ਰਵੇ ।

* ਸਿਰੀ ਰਾਗੁ ਮਹਲਾ ੪ ਛੰਤ, ੭੯


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਰੰਗਲੇ ਸਜਣ (ਨਵੀਂ ਐਡੀਸ਼ਨ) | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬–੮੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩–੭੫ |
| ਅਨਹਦ ਸ਼ਬਦ ਦਸਮ ਦੁਆਰ | ੬–੦੦ |
| ਗੁਰਮਤਿ ਰਮਜ਼ਾਂ | ੧–੩੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫–੫੦ |
| ਸਚਖੰਡ ਦਰਸ਼ਨ | ੧–੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪–੦੦ |
| ਵਾਹਿਗੁਰੂ ਸਿਮਰਨ | ੦–੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦–੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦–੪੦ |
| ਪੂਰਬ ਜਨਮ ਕੇ ਮਿਲੇ ਸੰਜੋਗੀ | ੭-੦੦, ੪–੦੦ |
| ਵੈਸਾਖੀ ਦਾ ਖ਼ੂਨੀ ਸਾਕਾ | ੧-੫੦ |

HAIR--A DIVINE GIFT 0-40
Dawn of Divine Wisdom 0-75

| | |
|---|---|
| ਜੇਲ੍ਹ ਚਿਠੀਆਂ ੧੫– ੦ ਅੰਮ੍ਰਿਤ ਕੀ ਹੈ ? | ੧-੦੦ |
| ਗੁਰਮਤਿ ਲੇਖ ੫–੫੦ ਗੁਰਮਤਿ ਵਿਚਾਰ | ੫-੫੦ |
| ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ |
| ਨਾਮ ਸੰਬੰਧੀ ਵਿਚਾਰ | ੦-੯੦ |
| ਆਸਤਕ ਤੇ ਨਾਸਤਕ | ੦-੩੫ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੫੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੫੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |


www.AKJ.Org

# ਸੰਸਾਰ ਭਰ ਵਲੋਂ ਤੰਬਾਕੂ-ਰੋਕੂ ਮੁਹਿੰਮ
# "ਤੰਬਾਕੂ ਤੋਂ ਬਚੋ!"

[ਸ: ਦਿਲਜੀਤ ਸਿੰਘ ਜੀ ਬੇਦੀ]

ਸੰਸਾਰ ਦੇ ਜੀਵਾਂ ਅੰਦਰ ਇਕ ਮਨੁੱਖ ਹੀ ਹੈ, ਜੋ ਸਭ ਕੁਝ ਜਾਣਦਾ ਹੋਇਆ ਵੀ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰ ਕੇ ਆਪਣੀ ਸਿਹਤ ਨਸ਼ਟ ਕਰ ਲੈਂਦਾ ਹੈ। ਨਸ਼ਿਆਂ, ਵਿਸ਼ਿਆਂ ਵਿਚ ਮਨੁੱਖੀ ਦੇਹ ਨੂੰ ਤਬਾਹ ਕਰ ਲੈਣਾ ਬਹੁਤ ਵਡਾ ਪਾਪ ਹੈ।

ਤੰਬਾਕੂ ਦੀ ਭੈੜੀ ਵਰਤੋਂ ਨੂੰ ਮੁੱਢ-ਕਦੀਮਾਂ ਤੋਂ ਸਮੇਂ ਦੇ ਹਾਕਮ ਰੋਕਦੇ ਆਏ ਹਨ। ਪਹਿਲਾਂ ਪਹਿਲਾਂ ਮੁਸਲਮਾਨ, ਇਸਾਈ ਤੇ ਹੋਰ ਬਾਦਸ਼ਾਹਾਂ ਨੇ ਇਕੱਠੇ ਤੌਰ ਤੇ ਇਸ ਦੀ ਉੱਨਤੀ ਨੂੰ ਰੋਕਣ ਲਈ ਸਾਂਝੇ ਉਪਰਾਲੇ ਕੀਤੇ—

ਵਲਾਇਤ ਵਿਚ ਮਲਕਾ ਐਲਜ਼ਬਿਥ ਨੇ ਲਿਖਤੀ ਹੁਕਮ ਜਾਰੀ ਕੀਤਾ—"ਤੰਬਾਕੂ ਦੀ ਭੈੜੀ ਬੀਮਾਰੀ ਤੇ ਤੁਰੰਤ ਪਾਬੰਦੀ ਲਗਾ ਦਿਤੀ ਜਾਵੇ।"

ਬਾਦਸ਼ਾਹ ਜੇਮਜ਼ ਨੇ "ਤੰਬਾਕੂ ਦੀ ਵਰਤੋਂ ਕਰਨ ਵਾਲੇ ਲਈ" ਸਜ਼ਾ ਨੀਯਤ ਕੀਤੀ। ਇਹਨਾਂ ਦੇ ਹੀ ਜਾ-ਨਸ਼ੀਨ ਬਾਦਸ਼ਾਹ ਚਾਰਲਸ ਨੇ ਵੀ ਤੰਬਾਕੂ ਤੇ ਪਾਬੰਦੀ ਲਾਈ ਰਖੀ।

ਬਾਦਸ਼ਾਹ ਜਹਾਂਗੀਰ ਨੇ ਆਪਣੀ ਹਕੂਮਤ ਦੇ ਚੌਦਵੇਂ ਸਾਲ ਵਿਚ ਇਕ ਸਖ਼ਤ ਹੁਕਮ ਜਾਰੀ ਕੀਤਾ ਕਿ—"ਤੰਬਾਕੂ ਦੀ ਵਰਤੋਂ ਬਿਲਕੁਲ ਕੋਈ ਵਿਅਕਤੀ ਨਾ ਕਰੇ। ਜੇ ਕੋਈ ਫਿਰ ਵੀ ਵਰਤੋਂ ਕਰਦਾ ਹੈ, ਤਾਂ ਉਸ ਦੇ ਬੁੱਲ੍ਹ ਕੱਟ ਦਿਤੇ ਜਾਣ।'

ਬਹਿਰੀਨ ਅਰਬ ਮੁਲਕ ਵਿਚ ਰੇਡੀਓ, ਟੀ. ਵੀ. ਤੇ ਤੰਬਾਕੂ-ਨੋਸ਼ੀ ਅਤੇ ਇਸ਼ਤਿਹਾਰਬਾਜ਼ੀ ਉਤੇ ਰੋਕ ਲਗਾ ਦਿਤੀ ਹੈ। ਸਕੂਲਾਂ, ਕਲੱਬਾਂ, ਸਿਹਤ-ਕੇਂਦਰਾਂ ਵਿਚ ਵੀ ਤੰਬਾਕੂਨੋਸ਼ੀ ਉਤੇ ਪਾਬੰਦੀ ਲਾਈ ਗਈ ਹੈ।

ਬੰਗਲਾ ਦੇਸ਼, ਤੰਬਾਕੂਨੋਸ਼ੀ ਆਦਤ ਨੂੰ ਨੱਥ ਪਾਉਣ ਲਈ, ਚੰਗੇ ਢੰਗ ਵਰਤ ਰਿਹਾ ਹੈ।

ਬੈਲਜੀਅਮ ਨੇ ਸਿਗਰਟ-ਵੇਚ-ਮਸ਼ੀਨਾਂ ਅਤੇ ਮੁਫਤ ਸਿਗਰਟ-ਵੰਡ ਤੇ ਪਾਬੰਦੀ ਲਗਾ ਦਿਤੀ ਹੈ। ਸਿਨਮਾ, ਟੀ. ਵੀ. ਰੇਡੀਓ ਤੇ ਬੱਚਿਆਂ ਦੀਆਂ ਪ੍ਰਕਾਸ਼ਨਾਵਾਂ ਵਿਚ ਤੰਬਾਕੂਨੋਸ਼ੀ, ਇਸ਼ਤਿਹਾਰ-ਬਾਜ਼ੀ ਤੇ ਰੋਕ ਲਗਾ ਦਿਤੀ ਹੈ। ਤੰਬਾਕੂ ਕੰਪਨੀਆਂ ਨੂੰ ਖੇਡਾਂ ਅਤੇ ਮੁਕਾਬਲੇ ਮੇਲੇ ਕਰਵਾਉਣ ਤੇ ਵੀ ਮਨਾਹੀ ਕਰ ਦਿਤੀ ਹੈ।

ਬਰਾਜ਼ੀਲ ਵਿਚ ਇਕ ਤੰਬਾਕੂ-ਵਿਰੋਧੀ ਕੌਮੀ ਪ੍ਰੋਗਰਾਮ ਲਾਗੂ ਕਰ ਦਿਤਾ ਗਿਆ ਹੈ। ਤੰਬਾਕੂਨੋਸ਼ੀ ਤੇ ਸਮੁੱਚੇ ਦਫਤਰਾਂ ਤੇ ਸਿਹਤ-ਕੇਂਦਰਾਂ ਵਿਚ ਮਨਾਹੀ ਲਾਗੂ ਹੋ ਚੁਕੀ ਹੈ।

ਬਲਗਾਰੀਆ ਵਿਚ ਡਾਕਟਰਾਂ ਨੂੰ ਮਿਸਾਲ ਕਾਇਮ ਕਰਨ ਹਿਤ ਗਰਭਵਤੀ ਅਤੇ ਦੁੱਧ ਚੁੰਘਾਉਂਦੀਆਂ ਮਾਵਾਂ ਦੀ ਹਾਜ਼ਰੀ ਵਿਚ ਸਿਗਰਟਨੋਸ਼ੀ ਦੀ ਮਨਾਹੀ ਕਰ ਦਿਤੀ ਹੈ। ਹਵਾਈ ਅੱਡੇ, ਬੱਸ ਅੱਡਿਆਂ, ਰੇਲ ਡੱਬਿਆਂ, ਹਵਾਈ ਜਹਾਜ਼ਾਂ, ਅਰਾਮ-ਘਰਾਂ, ਸਕੂਲਾਂ, ਨੌਜਵਾਨਾਂ ਦੇ ਹੋਸਟਲਾਂ, ਰੈਸਟੋਰੈਂਟਾਂ, ਕਲੱਬਾਂ ਵਿਚ ਵੀ ਇਸ ਦੀ ਸਖ਼ਤ ਮਨਾਹੀ ਕਰ ਦਿਤੀ ਗਈ ਹੈ।

ਡੈਨਮਾਰਕ ਨੇ ਹਸਪਤਾਲਾਂ ਦੇ ਵੇਟਿੰਗ ਰੂਮ ਵਿਚ ਤੰਬਾਕੂਨੋਸ਼ੀ ਬੰਦ ਕਰਵਾ ਦਿਤੀ ਹੈ। ਉਹਨਾਂ ਸਿਹਤ ਕਰਮਚਾਰੀਆਂ ਨੂੰ, ਜੇਹੜੇ ਸੰਪਰਕ ਵਿਚ ਆਉਂਦੇ ਹਨ, ਨੂੰ ਸਿਗਰਟ ਨਾ ਪੀਣ ਦੀ ਸਖ਼ਤ ਹਦਾਇਤ ਕੀਤੀ ਹੈ।

ਮਿਸਰ ਨੇ ਵੀ ਸਿਗਰਟ ਵਿਰੁਧ ਪ੍ਰਚਾਰ-ਮੁਹਿੰਮ ਤੇਜ਼ ਕਰ ਦਿਤੀ ਹੈ। ਮਿਸਰ ਵਿਚ ਤੰਬਾਕੂ-ਇਸ਼ਤਿਹਾਰੀ



www.AKJ.Org

ਦਾ ਕੋਈ ਵੀ ਸਮੂਹਕ ਜਾਂ ਨਿੱਜੀ ਪ੍ਰਚਾਰ ਸਾਧਨ ਨਹੀਂ ਹੈ, ਤੇ ਇਸ ਦੀ ਵਰਤੋਂ ਖਾਸ ਕਰ ਜ਼ਨਤਕ ਥਾਵਾਂ ਤੇ ਬੰਦ ਕਰ ਦਿਤੀ ਗਈ ਹੈ।

ਯੂਨਾਨ ਨੇ ਸਿਨੇਮਾ, ਹਸਪਤਾਲਾਂ, ਜਨਤਕ ਟਰਾਂਸਪੋਰਟ ਵਿਚ ਤੰਬਾਕੂਨੋਸ਼ੀ ਦੀ ਮਨਾਹੀ ਕੀਤੀ ਹੈ।

ਇਹ ਸਭ ਦੇਸ਼ਾਂ ਨੇ ਵਧੀਆ ਕਦਮ ਚੁਕੇ ਹਨ।

**ਪਰ ਹਿੰਦੁਸਤਾਨ** ਤੰਬਾਕੂ ਤੇ ਰੋਕ ਲਾਉਣ ਦੀ ਬਜਾਏ ਸ਼ਰੇ-ਬਜ਼ਾਰ ਇਸ ਦੀ ਵਿਕਰੀ ਕਰ ਰਿਹਾ ਹੈ। ਭਾਰਤ ਸਰਕਾਰ ਨੂੰ ਉਚੇਚੇ ਤੌਰ ਤੇ ਇਸ ਵਲ ਧਿਆਨ ਦੇ ਕੇ ਇਸ ਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ। ਅੱਜ ਵੀ ਸਾਇੰਸ ਨੇ ਨਸ਼ਿਆਂ ਅਤੇ ਤੰਬਾਕੂ ਨੂੰ ਮਨੁੱਖੀ ਤਨ ਤੇ ਮਨ ਲਈ ਨੁਕਸਾਨ-ਦੇਹ ਕਰਾਰ ਦਿਤਾ ਹੈ। ਸਰਬੱਤ ਦੇ ਭਲੇ ਲਈ ਇਸ ਨੂੰ ਤਿਆਗਣਾ ਜ਼ਰੂਰੀ ਹੈ। ਜਿਸ ਚੀਜ਼ ਦੀ ਵਰਤੋਂ ਕਰਨ ਨਾਲ ਸਰੀਰ ਤੇ ਮਨ ਨੂੰ ਪੀੜਾ ਜਾਂ ਵਿਕਾਰ ਪੈਦਾ ਹੁੰਦੇ ਹੋਣ, ਉਸ ਦਾ ਸੇਵਨ ਹੀ ਕਿਉਂ ਕੀਤਾ ਜਾਵੇ।

ਪੁਰਾਣ ਵਿਚ ਤੰਬਾਕੂ ਪੀਣ ਵਾਲੇ ਨੂੰ ਪਰੇਤ ਕਿਹਾ ਗਿਆ ਹੈ ਅਤੇ ਨਾਲ ਹੀ ਇਹ ਵੀ ਆਉਂਦਾ ਹੈ ਜੋ ਬ੍ਰਾਹਮਣ ਧੂਮਰ-ਪਾਨ ਕਰਦਾ ਹੈ, ਉਸ ਨੂੰ ਦਾਨ ਦੇਣ ਵਾਲਾ ਵਡਾ ਪਾਪੀ ਹੈ।

ਤੰਬਾਕੂ ਸੇਵਨ ਕਰਨ ਦੀ ਖੁਲ੍ਹ ਸਾਧਾਰਨ ਮਨੁੱਖ ਲਈ ਵੀ ਵਡਾ ਖਤਰਾ ਹੈ।

ਮੁਹੰਮਦ ਸਾਹਿਬ ਨੇ ਕਿਹਾ ਸੀ—'ਅੱਲਾ ਨੇ ਲਾਹਨਤ ਪਾਈ ਹੈ ਨਸ਼ਿਆਂ ਦਾ ਸੇਵਨ ਕਰਨ ਵਾਲਿਆਂ ਤੇ, ਵੇਚਣ ਵਾਲਿਆਂ ਨੂੰ, ਨਸ਼ਾ ਬੁਰਾਈ ਦੀ ਜੜ੍ਹ ਹੈ।"

੧੯੫੨-੫੩ ਵਿਚ ਰੂਸ ਵਿਚ ਲਗੇ ਇਸ਼ਤਿਹਾਰਾਂ ਵਿਚ ਕਿਹਾ ਗਿਆ ਸੀ ਕਿ ਇਕ ਕੱਪ ਪਾਣੀ ਵਿਚ ਇਕ ਸਿਗਰਟ ਘੋਲ ਕੇ ਪਿਲਾਉਣ ਨਾਲ ਖਰਗੋਸ਼ ਅਤੇ ਪੰਜਾਂ ਸਿਗਰਟਾਂ ਨਾਲ ਇਕ ਘੋੜੇ ਦੀ ਮੌਤ ਹੋ ਜਾਂਦੀ ਹੈ।

ਉਹਨਾਂ ਨੇ ਮਰਦ ਕੈਂਸਰਾਂ ਵਿਚ ੯੬ ਫ਼ੀ ਸਦੀ ਲਈ ਤੰਬਾਕੂਨੋਸ਼ੀ ਨੂੰ ਜ਼ਿਮੇਵਾਰ ਦਸਿਆ ਹੈ। ਰੂਸੀ ਖਿਡਾਰੀਆਂ ਤੇ ਇਸੇ ਕਰਕੇ ਸਿਗਰਟ ਦੀ ਸਖ਼ਤ ਬੰਦਸ਼ ਹੈ।

ਹਿੰਦ ਵਿਚ ਇਨ੍ਹਾਂ ਬੀਮਾਰੀਆਂ ਦੀ ਹਨੇਰੀ ਝੁੱਲ ਰਹੀ ਹੈ। ਲਗ-ਪਗ ਡੇਢ ਪੌਣੇ ਦੋ ਲੱਖ ਸਲਾਨਾ ਬਦਾ ਤੰਬਾਕੂਨੋਸ਼ੀ ਕਾਰਨ ਹੀ ਅਣਿਆਈ ਮੌਤੇ ਮਰਦਾ ਹੈ। ਖਰਚ ਕਰੋੜਾਂ ਵਿਚ ਹਨ—੨੦ ਕਰੋੜ ਰੁਪਏ ਇਹਨਾਂ ਦੇ ਇਲਾਜ ਤੇ ਖਰਚ ਆਉਂਦਾ ਹੈ। ੨੬੦ ਕਰੋੜ ਰੁਪਏ ਹਾਨੀ ਦਾ ਅਨੁਮਾਨ ਹੈ।

ਆਸਟਰੇਲੀਆ ਵਿਚ ਰੇਡੀਓ ਤੇ ਟੀ. ਵੀ. ਤੋਂ ਵੀ ਇਸ਼ਤਿਹਾਰਬਾਜ਼ੀ ਤੇ ਕਾਨੂੰਨੀ ਪਾਬੰਦੀ ਲਗਾ ਦਿੱਤੀ ਗਈ ਹੈ। ਪ੍ਰਸਾਰ ਸਾਧਨਾਂ, ਖਾਸ ਕਰ ਉਹਨਾਂ ਹਿੱਸਿਆਂ ਵਿਚ ਜਿਹੜੇ ਨੌਜਵਾਨਾਂ ਤੇ ਪ੍ਰਭਾਵੀ ਹਨ, ਤੰਬਾਕੂਨੋਸ਼ੀ, ਇਸ਼ਤਿਹਾਰਬਾਜ਼ੀ ਕਰੜੀਆਂ ਬੰਦਸ਼ਾਂ ਅਧੀਨ ਕਰ ਦਿਤੀ ਗਈ ਹੈ।

ਇਕ ਵਾਰ ਇਹ ਅਨੁਮਾਨ ਲਗਾਇਆ ਗਿਆ ਸੀ ਕਿ ਅਮ੍ਰੀਕਾ ਦੇ ਲੋਕ ਸਿਗਰਟ ਪੀਣ ਤੇ ਇਕ ਸਾਲ ਵਿਚ ਜਿਤਨਾ ਖ਼ਰਚ ਕਰਦੇ ਹਨ, ਉਸ ਨਾਲ ੮ ਪਨਾਮਾ ਨਹਿਰਾਂ ਬਣਾਈਆਂ ਜਾ ਸਕਦੀਆਂ ਹਨ। ਇਹ ਖ਼ਰਚ ਅਰਬਾਂ ਖਰਬਾਂ ਤਕ ਜਾਂਦਾ ਹੈ।

ਨਿਊਯਾਰਕ ਫ਼ਾਇਰ ਡਿਪਾਰਟਮੈਂਟ ਦੀ ਇਕ ਰਿਪੋਰਟ ਤੋਂ ਪਰਗਟ ਹੁੰਦਾ ਹੈ ਕਿ ੧੯੪੯ ਵਿਚ ਇਕੱਲੇ ਸ਼ਹਿਰ ਨਿਊਯਾਰਕ ਵਿਚ ਸਿਗਰਟ ਪੀਣ ਵਾਲਿਆਂ ਦੀ ਲਾਪਰਵਾਹੀ ਨਾਲ ਕੋਈ ੫,੮੨,੮੦,੦੦੦ ਰੁਪਏ ਦਾ ਨੁਕਸਾਨ ਹੋਇਆ ਸੀ। ਇਹ ਹਾਨੀ ਇਕ ਸਾਲ ਤੇ ਇਕ ਸ਼ਹਿਰ ਦੀ ਹੈ, ਬਾਕੀ ਅੱਗ ਦੀਆਂ ਘਟਨਾਵਾਂ ਦਾ ਤੁਸੀਂ ਆਪ ਅਨੁਮਾਨ ਲਾ ਲਵੋ।

੧੩ ਅਕਤੂਬਰ, ੧੯੭੪ ਨੂੰ ੧੪-ਦਿੱਲੀ ਸੀਲਡਾਹ ਡਾਕ ਗੱਡੀ ਦੇ ਡਾਕ-ਡੱਬੇ ਵਿਚ ਸਿਗਰਟ ਜਾਂ ਬੀੜੀ ਨਾਲ ਅੱਗ ਭੜਕ ਉਠੀ ਸੀ, ਜੋ ਨਾਲ ਦੇ ਸੈਕੰਡ ਕਲਾਸ ਡੱਬੇ ਵਿਚ ਪਹੁੰਚ ਗਈ, ੫੯ ਮੁਸਾਫਰ ਅੱਗ



www.AKJ.Org

ਦੀ ਭੇਟ ਹੋ ਗਏ ।

ਏਸੇ ਤਰ੍ਹਾਂ ਸਿਗਰਟ ਦੇ ਨਾਲ ਅੱਗਾਂ ਲਗਣ ਦੇ ਕਾਰਨ ਬਹੁਤ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ।

ਨਸ਼ਿਆਂ ਦੇ ਸੇਵਨ ਵਿਚ ਵੀ ਫ਼ੈਸ਼ਨ ਜਿਹਾ ਆ ਗਿਆ ਹੈ। ਕੋਈ ਸਿਗਰਟ ਪੀਂਦਾ ਤਾਂ ਧੂੰਏਂ ਦੇ ਮੂੰਹ 'ਚ ਛੱਲੇ ਜਿਹੇ ਬਣਾ ਬਣਾ ਛਡਦਾ ! ਕੋਈ ਨਾਸਾਂ ਰਾਹੀਂ ਧੂੰਆਂ ਕੱਢਦਾ ਹੈ ਤੇ ਕੋਈ ਹੋਰ—ਇਸ ਤਰ੍ਹਾਂ ਬਹੁਤ ਸਾਰੇ ਲੋਕ ਵੇਖੇ ਗਏ ਹਨ ਅਤੇ ਅਣਗਿਣਤ ਹੀ ਮੌਤਾਂ ਇਸ ਦੇ ਕਾਰਨ ਹੋ ਰਹੀਆਂ ਹਨ। ਚੰਗੀ ਆਦਤ ਨਾਲੋਂ ਮਾੜੀ ਆਦਤ ਛੇਤੀ ਨਾਲ ਵਧਦੀ ਫੁਲਦੀ ਹੈ।

ਸਿਗਰਟ ਪੀਣ ਨਾਲ ਖ਼ੂਨ ਗਾੜ੍ਹਾ ਹੋ ਜਾਂਦਾ ਹੈ, ਜ਼ਖਮ ਦੇਰ ਨਾਲ ਠੀਕ ਹੁੰਦੇ ਹਨ, ਛੂਤ ਰੋਗਾਂ ਦੀ ਸਹਿਨ-ਸ਼ਕਤੀ ਘਟ ਜਾਂਦੀ ਹੈ। ਤੰਬਾਕੂ ਮੂੰਹ ਵਿਚ ਪਾਉਣ ਨਾਲ, ਨਸਵਾਰ ਨੂੰ ਨੱਕ ਰਾਹੀਂ ਸੁੰਘਣ ਨਾਲ ਮੂੰਹ ਦੀ ਝਿਲੀ ਵਿਚ ਕੈਂਸਰ ਜ਼ਹਿਰ ਰੱਚ ਜਾਂਦੇ ਹਨ, ਜਿਸ ਕਰਕੇ ਬੁੱਲ੍ਹ, ਮੂੰਹ ਤੇ ਭੋਜਨ-ਨਾਲੀ ਦਾ ਕੈਂਸਰ ਰੋਗ ਹੋ ਜਾਂਦਾ ਹੈ। ਮੇਹਦੇ ਤੇ ਅੰਤੜੀਆਂ ਵਿਚ ਜ਼ਖਮ ਹੋ ਜਾਂਦੇ ਹਨ, ਜਿਗਰ ਖ਼ਰਾਬ ਹੋ ਜਾਂਦਾ ਹੈ, ਅੰਧਰਾਤਾ, ਕਾਲੀ ਖਾਂਸੀ, ਸਿਰ-ਦਰਦ ਜਿਹੀਆਂ ਘਾਤਕ ਬਿਮਾਰੀਆਂ ਲੱਗ ਜਾਂਦੀਆਂ ਹਨ। ਨਜ਼ਰ ਕਮਜ਼ੋਰ, ਸੁੰਘਣ ਸ਼ਕਤੀ ਅਤੇ ਸੁਣਨ-ਸ਼ਕਤੀ ਘਟ ਜਾਂਦੀ ਹੈ। ਸਿਗਰਟ ਦੇ ਧੂੰਏਂ ਵਿਚ ਬਹੁਤ ਪ੍ਰਕਾਰ ਦੀਆਂ ਰਸਾਇਣਕ ਗੈਸਾਂ ਦੇ ਤੱਤ ਹੁੰਦੇ ਹਨ। ਨਿਕੋਟੀਨ ਇਕ ਸਫ਼ੇਦ ਰੰਗ ਦੀ ਜ਼ਹਿਰ ਹੈ। ਤੱਤ ਕਾਰਬਨ, ਮੋਨੋਆਕਸਾਈਡ, ਹਾਈਡਰੋਜਨ, ਸਿਆਨਾਇਡ, ਪਾਈਰੀਡੀਨ, ਅਮੋਨੀਆ ਅਤੇ ਐਨਡੇਹਾਈਡ ਆਦਿ ਹੁੰਦੇ ਹਨ। ਸਿਗਰਟ ਦੇ ਧੂੰਏਂ ਵਿਚ ਕੈਂਸਰ ਪੈਦਾ ਕਰਨ ਦੇ ਇਸ ਤਰ੍ਹਾਂ ਦੇ ਕਈ ਜ਼ਹਿਰ ਹਨ।

੧੯੬੪ ਵਿਚ ਅਮਰੀਕਾ ਦੇ ਸਿਹਤ ਵਿਭਾਗ ਨੇ ਇਕ ਰਿਪੋਰਟ ਛਾਪੀ ਸੀ, ਜਿਸ ਵਿਚ ਫੇਫੜਿਆਂ ਦੇ ਕੈਂਸਰ ਦਾ ਉਨਾ ਹੀ ਵਧੇਰੇ ਖ਼ਤਰਾ ਬਣਿਆ ਹੈ ਜਿੰਨੀਆਂ ਇਕ ਦਿਨ ਵਧੇਰੇ ਸਿਗਰਟਾਂ ਪੀਤੀਆਂ ਜਾਣ। ਫੇਫੜਿਆਂ ਦੇ ਕੈਂਸਰ ਨਾਲ ਮੌਤ ਦੀ ਦਰ ੧੨੦ ਪ੍ਰਤੀਸ਼ਤ ਵਿਚੋਂ ੧੧੦ ਪ੍ਰਤੀਸ਼ਤ ਉਨ੍ਹਾਂ ਦੀਆਂ, ਜੋ ਸਿਗਰਟਾਂ ਪੀਂਦੇ ਸਨ। ਸਿਗਰਟ ਪੀਣ ਵਾਲੇ ਆਦਮੀ ਦੀ ਉਮਰ ਘੱਟ ਜਾਂਦੀ ਹੈ।

ਡਾਕਟਰ 'ਰੋਬਰਟ ਮਿੰਟਗੁਮਰੀ' ਇਕ ਪ੍ਰਸਿੱਧ ਡਾਕਟਰ ਸੀ, ਜੋ ਆਪ ਸਿਗਰਟ ਦੀ ਵਰਤੋਂ ਕਰਦਾ ਸੀ ਤੇ ਸਿਗਰਟ ਦੇ ਭਿਆਨਕ ਨਤੀਜਿਆਂ ਤੋਂ ਆਪਣੇ ਨਿੱਜੀ ਤਜਰਬੇ ਤੋਂ ਭੈ-ਭੀਤ ਹੋ ਕੇ ਆਪਣੇ ਬੱਚਿਆਂ ਨੂੰ ਸਿਗਰਟ ਨਾ-ਪੀਣ ਸੰਬੰਧੀ ਇਕ ਪੱਤਰ ਲਿਖਦਾ ਹੈ। ਜਿਸ ਦਾ ਸਾਰ-ਅੰਸ਼ ਹੈ :—

"ਪਿਆਰੇ ਸੂਸੀ, ਕੈਂਬੀ ਟਾਪ ਤੇ ਕ੍ਰਿਸ,

ਤੁਸੀਂ ਮੇਰੇ ਲਈ ਬੜੇ ਚੰਗੇ ਪੁਰਸ਼ ਹੋ। ਮੈਨੂੰ ਤੁਹਾਡੀ ਭਲਾਈ ਦਾ ਖਿਆਲ ਹੈ। ਜਦ ਤੁਹਾਡੀ ਸਿਹਤ ਨੂੰ ਕਿਸੇ ਚੀਜ਼ ਤੋਂ ਖ਼ਤਰਾ ਅਨੁਭਵ ਕਰਦਾ ਹਾਂ, ਤੁਹਾਡਾ ਬਾਪ ਹੋਣ ਤੋਂ ਇਲਾਵਾ ਮੈਂ ਇਕ ਡਾਕਟਰ ਵੀ ਹਾਂ ਤੇ ਮੈਨੂੰ ਸਿਹਤ ਸੰਬੰਧੀ ਗਿਆਨ ਹੈ। ਮੈਂ ਬਤੌਰ ਡਾਕਟਰ ਤੇ ਪਿਤਾ ਦੇ ਨਾਤੇ ਤੁਹਾਨੂੰ ਬੜੀ ਗੰਭੀਰਤਾ ਨਾਲ ਸਿਗਰਤ ਨਾ-ਪੀਣ ਬਾਰੇ ਨਸੀਹਤ ਕਰਦਾ ਹਾਂ। ਤੁਸੀਂ ਕਦੇ ਵੀ ਸਿਗਰਟ ਪੀਣੀ ਸ਼ੁਰੂ ਨਾ ਕਰਨੀ। ਮੈਨੂੰ ਤੁਹਾਡੇ ਤੇ ਪੂਰਾ ਭਰੋਸਾ ਹੈ, ਮੇਰੀ ਨਸੀਹਤ ਤੇ ਅਮਲ ਕਰੋਗੇ।"

—ਤੁਹਾਡਾ ਪਿਤਾ

ਮਹਾਤਮਾ ਗਾਂਧੀ ਨੇ ਕਿਹਾ, "ਤੰਬਾਕੂ ਦੀ ਵਰਤੋਂ ਭੈੜੀ ਤੇ ਹਾਨੀਕਾਰਕ ਹੈ। ਇਹ ਰਾਖਸ਼ਾਂ ਵਾਲਾ ਕੰਮ ਹੈ। ਉਸ ਰੇਲ ਡੱਬੇ ਵਿਚ ਮੈਂ ਸਫ਼ਰ ਨਹੀਂ ਕਰ ਸਕਦਾ, ਜਿਥੇ ਲੋਕ ਸਿਗਰਟ ਪੀ ਰਹੇ ਹੋਣ। ਮੇਰਾ ਸਾਹ ਘੁੱਟਣ ਲੱਗ ਜਾਂਦਾ ਹੈ। ਤੰਬਾਕੂ ਦੀ ਵਰਤੋਂ ਨਾਲ ਬੰਦੇ ਦੀ ਜ਼ਮੀਰ ਮਰ ਜਾਂਦੀ ਹੈ।

ਤੰਬਾਕੂ ਸੰਬੰਧੀ ਬਰਨਾਰਡ ਸ਼ਾਅ ਕਹਿੰਦਾ ਹੈ :—



www.AKJ.Org

ਮੈਂ ਆਪਣੇ ਜੀਵਨ ਵਿਚ ਕਦੇ ਵੀ ਸਿਗਰਟ ਨਹੀਂ ਪੀਤੀ ਤੇ ਮੈਂ ਸਿਗਰਟ ਪੀਣ ਵਾਲੇ ਨੂੰ ਨਫ਼ਰਤ ਕਰਦਾ ਹਾਂ। ਸਿਗਰਟ ਮਨੁੱਖ ਲਈ ਕੋਈ ਜ਼ਰੂਰੀ ਵਸਤੂ ਨਹੀਂ।

ਦੇਖਾ ਦੇਖੀ ਲੜਕੇ ਲੜਕੀਆਂ ਸਿਗਰਟ ਪੀਣਾ ਸ਼ੁਰੂ ਕਰ ਬੈਠਦੇ ਹਨ। ਮੁੜ ਕੇ ਉਹ ਆਦਤ ਬਣ ਜਾਂਦੀ ਹੈ, ਜਿਸ ਤੋਂ ਛੁਟਕਾਰਾ ਪਾਉਣਾ ਬਹੁਤ ਮੁਸ਼ਕਲ ਹੈ ਅਤੇ ਹੌਲੀ ਹੌਲੀ ਬੰਦਾ ਬਿਮਾਰੀਆਂ ਦਾ ਸ਼ਿਕਾਰ ਹੋ ਗਰਕ ਜਾਂਦਾ ਹੈ।

ਕੰਪਨੀਆਂ ਦੇ ਮਾਲਕ ਇਸ਼ਤਿਹਾਰਬਾਜ਼ੀ ਕਰਨ ਲਈ ਚੋਟੀ ਦੇ ਖਿਡਾਰੀਆਂ ਐਥਲੀਅਟਾਂ ਅਤੇ ਫਿਲਮ-ਸਟਾਰਾਂ ਨੂੰ ਹਜ਼ਾਰਾਂ ਰੁਪਏ ਦਾ ਲਾਲਚ ਦੇ ਕੇ ਖ਼ਾਸ ਖ਼ਾਸ ਅਵਸਰਾਂ ਤੇ ਉਨ੍ਹਾਂ ਨੂੰ ਸਿਗਰਟ ਪੀਣ ਲਈ ਕਹਿੰਦੇ ਹਨ, ਤਾਂ ਕਿ ਲੋਕ ਵੇਖ ਕੇ ਸਿਗਰਟ ਪੀਣ ਤੇ ਫ਼ਖ਼ਰ ਸਮਝਣ। ਇਹੋ ਜਿਹੇ ਪ੍ਰਚਾਰ ਨੂੰ ਕਾਨੂੰਨੀ ਤੌਰ ਤੇ ਬੰਦ ਕਰ ਦੇਣਾ ਚਾਹੀਦਾ ਹੈ।

ਮੇਰੀ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ, ਟੀ. ਵੀ. ਰੇਡੀਓ, ਪ੍ਰਕਾਸਨਾਵਾਂ ਤੇ ਸਿਨੇਮਿਆਂ ਵਿਚ ਸਿਗਰਟ ਦੀ ਇਸ਼ਤਿਹਾਰਬਾਜ਼ੀ ਤੇ ਕਾਨੂੰਨੀ ਰੋਕ ਲਾਉਣੀ ਚਾਹੀਦੀ ਹੈ ਤੇ ਨਾਲ ਹੀ ਹਵਾਈ ਅੱਡਿਆਂ, ਅਰਾਮ-ਘਰਾਂ. ਬੱਸ-ਅੱਡਿਆਂ, ਰੇਲ-ਡੱਬਿਆਂ, ਹਵਾਈ ਜਹਾਜ਼ਾਂ, ਸਕੂਲਾਂ, ਕਾਲਜਾਂ, ਹੋਸਟਲਾਂ, ਰੈਸਟੋਰੈਂਟਾਂ, ਆਮ ਕੈਂਟੀਨਾਂ, ਹਸਪਤਾਲਾਂ, ਸਿਨੇਮੇ-ਘਰਾਂ ਅਤੇ ਰੇਲਵੇ ਪਲੇਟਫ਼ਾਰਮਾਂ ਤੇ ਹੋਰ ਜਨਤਕ ਥਾਂਵਾਂ ਤੇ ਸਿਗਰਟ ਦੀ ਵਰਤੋਂ ਤੇ ਕਾਨੂੰਨੀ ਪਾਬੰਦੀ ਲਾਈ ਜਾਵੇ, ਤਾਂ ਕਿ ਦੇਸ਼ ਦੀ ਰੁੜ੍ਹਦੀ ਜਾਂਦੀ ਜਵਾਨੀ ਨੂੰ ਬਚਾਇਆ ਜਾਵੇ। ਇਸੇ ਵਿਚ ਹੀ ਸਾਡੇ ਦੇਸ਼ ਦਾ ਭਵਿਖ ਉਜਲਾ ਹੈ, ਨਹੀਂ ਤਾਂ ਰੱਬ ਰਾਖਾ !

ਖਾਲਸਾ ਸਮਾਚਾਰ, ੩-੩-੮੩

---

# ਗੁਰਸਿਖੀ ਦਾ ਸਿਖਣਾ (ਗਜ਼ਲ)

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਜ਼ਿਲਾ ਗੁੜਗਾਉਂ]

ਗੁਰਸਿੱਖੀ ਦੇ ਸਿੱਖਣ ਲਈ, ਸਤਿਗੁਰ-ਉਪਦੇਸ਼ ਕਮਾਈਦੇ।
ਪੱਲਾ ਸਿਦਕ ਭਰੋਸੇ ਦਾ, ਫੜ ਇਸ ਰਾਹ ਪੈਰ ਟਿਕਾਈਦੇ।

"ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ। ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।
ਤੂੰ ਮੇਰਾ ਰਾਖਾ ਸਭਨੀ ਥਾਈ" ਮਿੱਠੀ ਸੁਰ ਵਿਚ ਗਾਈ ਦੇ।

ਦ੍ਰਿੜ੍ਹ ਵਿਸ਼ਵਾਸ ਯਕੀਨ ਮੁਕੰਮਲ ਲੈ ਕੇ ਸੰਗੀ ਸਾਥੀ ਨਾਲ,
ਖੇੜੇ ਤੇ ਉਤਸ਼ਾਹ ਦਸ਼ਾ ਵਿਚ 'ਵਾਹਿਗੁਰੂ' ਮੁਖੋਂ ਅਲਾਈਦੇ।

ਮੈਂ-ਮੇਰੀ ਦਾ ਗਲੋਂ ਗਲਾਵਾਂ ਲਾਹ ਕੇ ਸੁਰਖ਼ਰੂ ਹੋਈਦੇ,
ਕਾਣ ਜਗਤ ਦੀ ਤਜ ਕੇ ਸਿੰਘਾ ! ਸਤਿਗੁਰ ਦੇ ਦਰ ਜਾਈਦੇ।

ਸਿਰ ਦੇ ਕੇ ਹੈ ਸਿੱਖੀ ਮਿਲਦੀ, ਆਸ਼ਕ ਸਾਦਕ ਕਹਿ ਗਏ ਨੇ,
ਸੀਸ ਤਲੀ ਤੇ ਧਰ ਕੇ 'ਮਿੱਤਰ ਜੀ' ਨਿਰਭਉ ਪਦ ਪਾਈਦੇ।



www.AKJ.Org

# ਦਸਮ ਦੁਆਰ–ਗੁਰਮਤਿ

[ਸ: ਭਗਤ ਸਿੰਘ ਜੀ ਹੀਰਾ ੨੨/੨੧-ਬੀ, ਤਿਲਕ ਨਗਰ, ਨਵੀਂ ਦਿਲੀ]

ਇਸ ਲੇਖ ਵਿਚ ਹੱਠ ਯੋਗ ਆਦਿ, ਯੋਗ ਦੇ ਵਖ ਵਖ ਤਰੀਕਿਆਂ ਦਾ ਵਿਸਥਾਰ ਸਹਿਤ ਵਿਦਵਾਨ ਲੇਖਕ ਨੇ ਵਰਣਨ ਕੀਤਾ ਹੈ। ਸੀਮਤ ਥਾਂ ਹੋਣ ਕਰਕੇ ਅਸੀਂ ਧੰਨਵਾਦ ਸਹਿਤ 'ਗੁਰਮਤਿ-ਦਸਮ ਦੁਆਰ' ਵਾਲਾ ਹਿੱਸਾ ਹੀ ਹੇਠਾਂ ਦੇ ਰਹੇ ਹਾਂ। —ਸੰਪਾਦਕ

ਦਸਮ ਦੁਆਰ ਅਧਿਆਤਮਕ ਮੰਡਲ ਦਾ ਇਕ ਪ੍ਰਮੁਖ ਵਿਸ਼ਾ ਹੈ। ਭਿੰਨ ਭਿੰਨ ਜਗਯਾਸੂਆਂ ਨੇ ਇਸ ਦੁਆਰ ਤੱਕ ਪੁਜਣ ਦੇ ਵੱਖ-ਵੱਖ ਢੰਗ ਅਪਣਾਏ ਹਨ। ਇਕ ਅਧਿਆਤਮਕ ਖੋਜੀ ਨੂੰ ਇਸ ਦੁਆਰ ਦੇ ਬਜਰ ਕਿਵਾੜ ਖੋਲ੍ਹੇ ਬਿਨਾਂ ਪਰਮ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਉਸ ਵਾਸਤੇ ਇਸ ਵਿਸ਼ੇ ਨੂੰ ਪੂਰੀ ਤਰ੍ਹਾਂ ਵਿਚਾਰਨਾ ਤੇ ਵਰਤੋਂ ਵਿਚ ਲਿਆਉਣਾ ਉਸ ਦੀ ਸਾਧਨਾ ਦਾ ਇਕ ਜ਼ਰੂਰੀ ਅੰਗ ਬਣ ਜਾਂਦਾ ਹੈ।

ਇਹ ਗੱਲ ਹਰ ਅਧਿਆਤਮਕ ਖੋਜੀ ਨੇ ਮੰਨੀ ਹੈ ਕਿ ਮਨੁੱਖੀ ਤਨ ਦੀਆਂ ਦਸ ਗੋਲਕਾਂ ਹਨ। ਇਹਨਾਂ ਗੋਲਕਾਂ ਨੂੰ ਦਸ ਦਰਵਾਜ਼ੇ ਵੀ ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਨੌਂ ਤਾਂ ਪ੍ਰਕ੍ਰਿਤਕ ਮੰਡਲ ਨਾਲ ਜੁੜੇ ਹੋਏ ਹਨ ਤੇ ਪਰਗਟ ਹਨ, ਪਰ ਦਸਵਾਂ ਜੋ ਗੁਪਤ ਹੈ, ਦਾ ਸੰਬੰਧ ਕੇਵਲ ਆਤਮਕ ਮੰਡਲ ਨਾਲ ਹੈ। ਇਸ ਸੰਬੰਧ ਵਿਚ ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਹਰਿ ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥੩੮॥
(ਰਾਮਕਲੀ ਮ: ੩ ਅਨੰਦੁ, ੯੨੨)

ਬੇਣੀ ਭਗਤ ਜੀ ਨੇ ਸਰੀਰ ਨੂੰ ਦੋ-ਛੱਤੇ ਮਕਾਨ ਦੇ ਅਲੰਕਾਰ ਰਾਹੀਂ ਦਰਸਾਇਆ ਹੈ। ਆਪ ਫੁਰਮਾਉਂਦੇ ਹਨ ਕਿ ਹੇਠਲੀ ਮੰਜ਼ਲ ਤੇ ਹੱਟੀ ਹੈ, ਜੋ ਵਾਸਤਵ ਵਿਚ ਵਿਹਾਰਿਕ ਕੰਮਾਂ ਦੀ ਦੁਕਾਨ ਹੈ। ਉਤਲੀ ਮੰਜ਼ਲ ਪਰਮ ਮਨੁਖ ਦੀ ਰਿਹਾਇਸ਼ਗਾਹ ਹੈ। ਇਹ ਸਹੀ ਮਹਿਨਿਆਂ ਵਿਚ ਪਰਮਾਰਥਕ ਸੁਖ ਮਾਨਣ ਦਾ ਟਿਕਾਣਾ ਹੁੰਦਾ ਹੈ। ਪ੍ਰਭੂ ਨਾਲ ਮੇਲ ਇਸ ਟਿਕਾਣੇ ਤੇ ਪੁਜ ਕੇ ਹੀ ਹੁੰਦਾ ਹੈ। ਭਗਤ ਜੀ ਨੇ ਇਸ ਟਿਕਾਣੇ ਨੂੰ 'ਪਰਮ ਪੁਰਖ ਕੀ ਘਾਟੀ' ਆਖਿਆ ਹੈ। ਦਰਅਸਲ ਇਹ ਪਰਮ ਪੁਰਖ ਕੀ ਘਾਟੀ ਹੀ ਦਸਵਾਂ ਦੁਆਰ ਹੈ ਭਗਤ ਜੀ ਫੁਰਮਾਉਂਦੇ ਹਨ :—

ਦਸਮ ਦੁਆਰਾ ਅਗਮ ਅਪਾਰਾ, ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
(ਰਾਮਕਲੀ ਬੇਣੀ ਜੀ, ੯੭੪)

ਪਰਮ ਮਨੁੱਖ ਦੀ ਘਾਟੀ ਉਪਰਲੀ ਮੰਜ਼ਿਲ ਤੇ ਹੈ। ਹੱਟੀ ਜਿਸ ਵਿਚ ਸੰਸਾਰਿਕ ਜੀਵਨ ਦਾ ਕਾਰ-ਵਿਹਾਰ ਚਲਦਾ ਹੈ, ਹੇਠਲੀ ਮੰਜ਼ਿਲ ਹੈ।

ਕਬੀਰ ਜੀ ਇਸ ਨੂੰ 'ਅਗਮ ਦੁਰਗਮ ਗੜਿ' ਕਹਿੰਦੇ ਹਨ। ਆਪ ਦਸਦੇ ਹਨ ਕਿ ਜੋ ਹਰੀ ਅਗੰਮ ਹੈ, ਉਸ ਨੇ ਆਪਣੇ ਰਹਿਣ ਲਈ ਇਕ ਕਿਲ੍ਹਾ ਬਣਾਇਆ ਹੈ, ਜਿਸ ਤੇ ਪੁਜਣ ਦਾ ਰਸਤਾ ਅਤਿ ਕਠਿਨ ਤੇ ਬਿਖੜਾ ਹੈ (ਦੁਰਗਮ ਹੈ)। ਇਸ ਕਿਲ੍ਹੇ ਵਿਚ ਪ੍ਰਭੂ ਆਪਣੀ ਜੋਤਿ ਦਾ ਪ੍ਰਕਾਸ਼ ਕਰ ਰਿਹਾ ਹੈ :—

ਅਗਮ ਦੁਰਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥੧॥
(ਭੈਰਉ ਕਬੀਰ ਜੀ ਅਸਟ :, ੧੧੬੨)



www.AKJ.Org

ਇਸ ਕਿਲ੍ਹੇ ਦਾ ਜ਼ਿਕਰ ਗੁਰਬਾਣੀ ਵਿਚ ਹੋਰ ਥਾਂ ਵੀ ਆਇਆ ਹੈ। ਸਤਿਗੁਰ ਜੀ ਫੁਰਮਾਂਦੇ ਹਨ ਕਿ
ਇਸ ਕਿਲ੍ਹੇ ਦੇ ਕਿਵਾੜ ਬੱਜਰ ਸਮਾਨ ਕਰੜੇ ਹਨ, ਜੋ ਖੁਲ੍ਹਣ ਵਿਚ ਨਹੀਂ ਆਉਂਦੇ। ਯਥਾ :—

—ਬਜਰ ਕਪਾਟ ਜੜੇ ਜੜਿ ਜਾਣੈ... ॥੨॥ (ਮਾਰੂ ਦਖਣੀ ਮ: ੧, ੧੦੩੩)

—ਨਉ ਦਰਵਾਜੇ ਕਾਇਆ ਕੋਟੁ ਹੈ, ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ........ ॥੧੫॥

(ਰਾਮਕਲੀ ਵਾਰ ਮ: ੩, ਪੰਨਾ ੯੫੪)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਵਾੜ ਖੋਲ੍ਹੇ ਕਿਵੇਂ ਜਾਣ ? ਇਨ੍ਹਾਂ ਕਿਵਾੜਾਂ ਨੂੰ ਖੋਲ੍ਹਣ ਲਈ ਭਿੰਨ ਭਿੰਨ ਸਾਧਨ ਵੱਖ ਵੱਖ ਸਾਧਕਾਂ ਵਲੋਂ ਅਪਣਾਏ ਜਾਂਦੇ ਹਨ। ਕੁਝ ਕੁ ਵੇਰਵਾ ਇਸ ਪਰਕਾਰ ਹੈ :—

(੧) ਹੱਠ ਯੋਗ। (੨) ਨਾਦ ਲਯ। (੩) ਸੰਤ ਸੰਪ੍ਰਦਾਵਾਂ ਦਾ ਸੁਰਤੀ ਦਾ ਮਾਰਗ।
(੪) ਗੁਰਮਤਿ ਦਾ ਸੁਰਤ ਸ਼ਬਦ ਸੰਜੋਗ।

***ਗੁਰਮਤਿ***—ਚੌਥਾ ਢੰਗ ਗੁਰਮਤਿ ਦਾ ਹੈ, ਜੋ ਉਪਰੋਕਤ ਸਾਰੇ ਤਰੀਕਿਆਂ ਤੋਂ ਨਿਰਾਲਾ ਹੈ। ਇਹ ਤਾਂ
ਅਰੰਭ ਵਿਚ ਹੀ ਦਸਿਆ ਹੈ ਕਿ ਦਸਮ ਦੁਆਰ ਦੀ ਹੋਂਦ ਨੂੰ ਗੁਰਮਤਿ ਵੀ ਮੰਨਦੀ ਹੈ। ਅਸੀਂ ਗੁਰਮਤਿ ਵੀ
ਮੰਨਦੀ ਹੈ। ਅਸੀਂ ਗੁਰਮਤਿ ਅਨੁਸਾਰ ਨੌਂ ਪਰਗਟ ਦਰਵਾਜ਼ਿਆਂ ਦਾ ਜ਼ਿਕਰ ਵੀ ਕਰ ਚੁਕੇ ਹਾਂ। ਸੋ ਇਸ
ਗੱਲ ਵਿਚ ਕੋਈ ਵਾਦ-ਵਿਵਾਦ ਨਹੀਂ ਕਿ ਸਰੀਰ ਇਕ ਬਾਂਕਾ ਕਿਲ੍ਹਾ ਹੈ, ਜਿਸ ਦੇ ਨੌਂ ਦਰਵਾਜ਼ੇ ਹਨ, ਜਿਨ੍ਹਾਂ
ਰਾਹੀਂ ਸੰਸਾਰਕ ਕਾਰ-ਵਿਹਾਰ ਚਲਦਾ ਹੈ ਤੇ ਜੋ ਦਸਵਾਂ ਗੁਪਤ ਦਰਵਾਜ਼ਾ ਹੈ ਉਹ ਲਾਂਘਾ ਹੈ ਪ੍ਰਭੂ ਦੀ
ਰਿਹਾਇਸ਼-ਗਾਹ ਦਾ। ਇਸ ਦਰਵਾਜ਼ੇ ਦੇ ਕਿਵਾੜ ਬਜਰ ਵਰਗੇ ਕਰੜੇ ਹਨ, ਜੋ ਬਿਨਾਂ ਕੁੰਜੀ ਦੇ ਖੁਲ੍ਹ ਨਹੀਂ
ਸਕਦੇ। ਹੁਣ ਅਸਾਂ ਵਿਚਾਰਨਾ ਇਹ ਹੈ ਕਿ ਇਹ ਕੁੰਜੀ ਕਿਹੜੀ ਹੈ ਤੇ ਕਿਥੋਂ ਮਿਲਦੀ ਹੈ ? ਗੁਰੂ ਨਾਨਕ ਦੇਵ
ਜੀ ਫੁਰਮਾਂਦੇ ਹਨ :—

ਬਜਰ ਕਪਾਟ ਜੜੇ ਜੜਿ ਜਾਣੈ, ਗੁਰ ਸਬਦੀ ਖੋਲਾਇਦਾ ॥੨॥੧੩॥

(ਮਾਰੂ ਦਖਣ ਮ: ੧—੧੦੩੩

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਨਉ ਦਰਵਾਜੇ ਕਾਇਆ ਕੋਟੁ ਹੈ, ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥...॥੧੫॥

(ਵਾਰ ਰਾਮਕਲੀ ਮ: ੩—੯੫੪)

ਪੁਨਾ—ਹਰਿ ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟ ਕੀਏ ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ, ਇਕਨਾ ਦਸਵਾ ਦੁਆਰੁ ਦਿਖਾਇਆ......੩੮॥

(ਰਾਮਕਲੀ ਮ: ੩—੯੨੨)

ਫੇਰ—ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥...॥੪॥੨੯॥

(ਮਾਝ ਮ: ੩—੧੨੯)

ਉਪਰ ਲਿਖੇ ਪਰਮਾਣਾਂ ਤੋਂ ਹੇਠ ਲਿਖੇ ਸਿੱਟੇ ਸੁਤੇ ਨਿਕਲ ਆਉਂਦੇ ਹਨ :—

੧— ਸਰੀਰ ਇਕ ਕਿਲ੍ਹਾ ਹੈ, ਜਿਸ ਦੇ ਦਸ ਦਰਵਾਜ਼ੇ ਹਨ, ਨੌਂ ਦਰਵਾਜ਼ੇ ਤਾਂ ਪ੍ਰਗਟ ਹਨ, ਪਰ ਦਸਵਾਂ



www.AKJ.Org

ਦਰਵਾਜ਼ਾ ਗੁਪਤ ਹੈ ਤੇ ਉਸ ਦੇ ਕਿਵਾੜ ਬਜਰ ਸਮਾਨ ਕਰੜ ਹਨ, ਖੁਲ੍ਹਣ ਵਿਚ ਨਹੀ, ਆਉਂਦੇ।

੨– ਸਤਿਗੁਰੂ ਗੁਰ ਸ਼ਬਦ ਦੀ ਦਾਤ ਬਖਸ਼ ਕੇ ਇਹ ਬਜਰ ਕਪਾਟ ਖੋਲ੍ਹਣ ਲਈ ਕੁੰਜੀ ਬਖਸ਼ਦਾ ਹੈ।

੩– ਕਪਾਟ ਖੁਲ੍ਹਣ ਤੇ ਇਥੇ ਨਾਮ ਨਵ ਨਿਧਿ ਦੇ ਅਖੁੱਟ ਤੇ ਅਪਾਰ ਖਜ਼ਾਨੇ ਪ੍ਰਾਪਤ ਹੁੰਦੇ ਹਨ, ਅਨਹਦ ਵਾਜਿਆਂ ਦੀ ਨਿਰੰਤਰ ਧੁਨੀ ਸੁਣੀਦੀ ਹੈ। ਇਸ ਘੱਟ ਵਿਚ ਨਾਮ ਦਾ ਪ੍ਰਗਾਸ ਹੁੰਦਾ ਹੈ, ਤੇ ਨਾਮ ਨਿਰੰਜਨ ਦੀ ਪ੍ਰਾਪਤੀ ਹੁੰਦੀ ਹੈ।

੪– ਇਸ ਦਸਮ ਦੁਆਰ ਦੀ ਗੁਫਾ ਅੰਦਰ ਹੀ ਵਾਹਿਗੁਰੂ ਜੀ ਦਾ ਨਿਵਾਸ ਹੈ।

ਹੁਣ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਇਹ ਬਜਰ ਕਪਾਟ ਖੋਲ੍ਹਣ ਲਈ ਕਿਸੇ ਹੱਠ ਯੋਗ, ਨਾਦ ਲਯ ਜਾਂ ਤ੍ਰਿਕੁਟੀ ਨੂੰ ਧਿਆਨ-ਕੇਂਦਰ ਬਣਾ ਕੇ ਔਖੇ ਤੇ ਨਿਸਕ੍ਰਿਆ ਕਰ ਦੇਣ ਵਾਲੇ ਸਾਧਨ, ਸਾਧਣ ਦੀ ਲੋੜ ਨਹੀਂ, ਸਗੋਂ ਗੁਰ-ਸ਼ਬਦ ਦੇ ਅਭਿਆਸ ਰਾਹੀਂ ਸੁਖੈਨ ਹੀ ਖੋਲ੍ਹੇ ਜਾ ਸਕਦੇ ਹਨ। ਇਹ ਬਜਰ ਕਪਾਟ ਖੁਲ੍ਹਣ ਮਗਰੋਂ ਜੋ ਅਵਸਥਾ ਪ੍ਰਾਪਤ ਹੋਣੀ ਹੈ, ਉਹ 'ਤੁਰੀਆ' ਕਹੀ ਜਾਵੇਗੀ।

ਪਿੱਛੇ ਦੱਸਿਆ ਜਾ ਚੁਕਾ ਹੈ ਕਿ ਵੇਦਾਂਤਿਕ ਪਰਿਭਾਸ਼ਾ ਅਨੁਸਾਰ, ਜਾਗ੍ਰਿਤ, ਸੁਪਨ ਤੇ ਸਖੋਪਤੀ ਆਦਿ ਅਵਸਥਾਵਾਂ ਤੋਂ ਤੁਰੀਆ ਨੂੰ ਉਚੇਰੀ ਅਵਸਥਾ ਮੰਨਿਆ ਜਾਂਦਾ ਹੈ। ਗੁਰਮਤਿ ਵਿਚ ਇਸ ਦਾ ਦਾਇਰਾ ਹੋਰ ਵਡੇਰਾ ਹੈ। ਜਿਥੇ ਇਹ ਤਿੰਨਾਂ ਅਵਸਥਾਵਾਂ ਤੋਂ ਉਚੇਰੀ ਅਵਸਥਾ ਹੈ ਉਥੇ ਇਸ ਦਾ ਸਬੰਧ ਗੁਣ ਭੇਦ ਨਾਲ ਵੀ ਹੈ। ਭਾਵ ਮਾਇਆ ਦੇ ਤਿੰਨਾਂ ਗੁਣਾਂ (ਰਜੋ, ਸਤੋ, ਤੇ ਤਮੋ) ਦੇ ਵਿਸ਼ੇ ਸਬੰਧ ਵਿਚ ਚੌਥੇ ਗੁਣ ਦੀ ਦਿਸ਼ਾ ਵਿਚ ਵੀ ਵਰਤਿਆ ਜਾਂਦਾ ਹੈ। ਯਥਾ–

ਤ੍ਰੈ ਗੁਣ ਮਾਇਆ ਮੋਹਿ ਵਿਆਪੇ, ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥...॥੭॥੪॥

(ਬਿਲਾਵਲ ਅਸਟ: ਮ: ੪–੮੩੩)

ਸਾਧਾਰਨ ਰੂਪ ਵਿਚ 'ਤੁਰੀਆ' ਅਵਸਥਾ, ਗਿਆਨ ਅਵਸਥਾ ਨੂੰ ਹੀ ਕਿਹਾ ਜਾਂਦਾ ਹੈ ਤੇ ਇਸ ਦੇ ਅਰਥ ਚੇਤਨਾ, ਆਤਮਾ, ਆਦਿਕ ਬਣ ਜਾਂਦੇ ਹਨ। ਇਸ ਅਵਸਥਾ ਨੂੰ ਹੇਠ ਲਿਖੀ ਪੰਕਤੀ ਵਧੇਰੇ ਸਪੱਸ਼ਟ ਕਰ ਦੇਂਦੀ ਹੈ :–

ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥
ਗੁਰਮੁਖਿ ਸੇਵਾ ਥਾਇ ਪਵੈ, ਉਨਮਨਿ ਤਤੁ ਕਮਾਹੁ ॥੧॥੧੦॥

(ਸੂਹੀ ਵਾਰ ਮ: ੩–੭੮੮)

ਇਸ ਤੋਂ ਭਾਵ ਗੁਰੂ ਜੀ ਦਾ ਇਹ ਹੈ–ਕਿ ਹੇ ਵਾਹਿਗੁਰੂ ਜੀ! ਸਾਰੀ ਰਚਨਾ ਰਚ ਕੇ ਉਸ ਵਿਚ ਆਸਰਾ ਰੂਪ ਹੋ ਕੇ ਤੁਸੀਂ ਆਪ ਖੜੇ ਹੋ, ਦਰ-ਅਸਲ ਅਪਣੇ ਆਪ ਹੀ ਤੁਸੀਂ ਸਭੋ ਕੁਝ ਹੋ। ਪਰ ਇਹ ਭੇਦ ਕੇਵਲ ਉਸ ਗੁਰਮੁਖ ਨੂੰ ਖੁਲ੍ਹਦਾ ਹੈ, ਜਿਸ ਦੀ ਸੇਵਾ ਥਾਇ ਪੈਂਦੀ ਹੈ ਅਤੇ ਜਿਸ ਨੇ ਆਤਮ ਤੱਤ ਨੂੰ ਸਾਖਿਆਤ ਕਰਨ ਦੀ ਸਾਧਨਾ ਤੇ ਕਮਾਈ ਕੀਤੀ ਹੈ। ਉਹ ਆਤਮ ਅਨੁਭਵੀ ਅਵਸਥਾ ਜੋ 'ਤੁਰੀਆ ਗੁਣੁ ਹੈ ਗੁਰਮੁਖਿ ਲਹੀਆ' ਅਨੁਸਾਰ ਗੁਰਮੁਖਿ ਨੇ ਪ੍ਰਾਪਤ ਕੀਤੀ ਹੈ, ਉਹ 'ਉਨਮਨਿ' ਹੀ ਹੈ।

ਭਾਈ ਵੀਰ ਸਿੰਘ ਜੀ ਸੰਥਯਾ ਪੋਥੀ ਦੇ ਪੰਨਾ ੭੪੦ ਤੇ 'ਉਨਮਨਿ' ਨੂੰ ਮਨ ਦੀ ਉਚੀ ਅਵਸਥਾ ਲਈ ਹੀ ਵਰਤਦੇ ਹਨ। ਇਹ ਅਵਸਥਾ ਉਨ੍ਹਾਂ ਦੇ ਖ਼ਿਆਲ ਵਿਚ ਸਾਈਂ ਸਿਮਰਨ ਦੇ ਰਸ ਨਾਲ ਸੁਰਤ, ਸੋਚ ਤੇ ਵਿਚਾਰ ਦੇ ਉਪਰ ਹਾਵੀ ਹੋ ਕੇ ਉਚੀ ਰਹਿੰਦੀ ਹੈ।

ਅਸਲ ਗੱਲ ਇਹ ਹੈ ਕਿ ਇਹ ਸ਼ਬਦ ਅੰਦਰ ਦੀ ਖਾਸ ਲਿਵ ਲੀਨ ਦਸ਼ਾ ਦਾ ਸੂਚਕ ਹੈ। ਜਿਹਾ ਕਿ–

ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥

(ਗਉੜੀ ਬੈਰਾਗਣਿ ਰਵਿਦਾਸ–੩੪੬)



www.AKJ.Org

ਉਪਰੋਕਤ ਵਿਚਾਰ ਦਸਦੀ ਹੈ ਕਿ ਉਨਮਨਿ ਅਵਸਥਾ ਅੰਦਰ ਦੀ ਇਕ ਜਾਗ੍ਰਤ ਪ੍ਰਬੁਧ ਦੀ ਹਾਲਤ ਹੈ, ਜਿਸ ਵਿੱਚ ਅਨੁਭਵ ਵਿਸ਼ਾਲ ਹੋ ਜਾਂਦਾ ਹੈ ਅਤੇ ਗਿਆਨ ਕਪਾਟ ਖੁਲ੍ਹ ਜਾਂਦੇ ਹਨ। ਕਬੀਰ ਜੀ ਫੁਰਮਾਂਦੇ ਹਨ—

ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

(ਗਉੜੀ ਪੂਰਬੀ ਬਾ: ਅ: ਕਬੀਰ—੩੪੨)

ਵਾਸਤਵ ਵਿਚ ਉਨਮਨਿ ਅਵਸਥਾ ਪੈਦਾ ਹੁੰਦੀ ਹੀ ਮਨ ਦੇ ਵਿਲੀਣ ਹੋਣ ਮਗਰੋਂ ਹੈ ਤੇ ਇਸ ਅਵਸਥਾ ਵਿਚ ਪਹੁੰਚ ਚੁੱਕੇ ਸਾਧਿਕ ਦੇ ਗਿਆਨ-ਚਕਸ਼ੂ ਸੁੱਤੇ ਹੀ ਖੁਲ੍ਹ ਜਾਂਦੇ ਹਨ ਤੇ ਉਸ ਦਾ ਗਿਆਨ ਵਿਆਪਕ ਹੋ ਜਾਂਦਾ ਹੈ ਤੇ ਉਸ ਨੂੰ ਤ੍ਰੈ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਇਸ ਅਵਸਥਾ ਵਿਚ ਹੁਣ ਨਾ ਬੁਢੇਪਾ ਆਉਂਦਾ ਹੈ ਤੇ ਨਾ ਹੀ ਮੌਤ। ਕਬੀਰ ਜੀ ਇਸ ਗੱਲ ਦੀ ਗਵਾਹੀ ਇਸ ਤਰ੍ਹਾਂ ਭਰਦੇ ਹਨ—

ਪਵਨਿ ਪਤਿ ਉਨਮਨਿ ਰਹਨੁ ਖਰਾ ॥ ਨਹੀ ਮਿਰਤੁ ਨ ਜਨਮੁ ਜਰਾ ॥੧॥ਰਹਾਉ॥

(ਰਾਮਕਲੀ—੯੭੨)

ਸਤਿਗੁਰੂ ਜੀ ਫੁਰਮਾਂਦੇ ਹਨ ਕਿ ਅਜਿਹੇ ਉਨਮਨਿ ਵਿਚ ਪਹੁੰਚੇ ਸਾਧਿਕ ਦਾ ਮਨ ਨਾਮ ਵਿਚ ਲੀਨ ਹੋ ਜਾਂਦਾ ਹੈ ਤੇ ਉਸ ਦੇ ਅੰਦਰ ਨਿਰੰਤਰ ਅਨਹਦ ਧੁਨੀ ਛਿੜੀ ਰਹਿੰਦੀ ਹੈ—

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥੨॥੨੧॥

(ਸਿਰੀ ਵਾਰ ਮ: ੪—੯੧)

ਕਬੀਰ ਜੀ ਕਹਿੰਦੇ ਹਨ, ਮੇਰਾ ਮਨ ਉਨਮਨਿ ਵਿਚ ਅੱਪੜ ਕੇ ਸੁੰਨ ਵਿਚ ਸਮਾ ਗਿਆ ਹੈ (ਅਫੁਰ ਹੋ ਗਿਆ, ਨਾਦ ਤੋਂ ਉਪਰ ਹੋ ਕੇ ਨਿਰੰਕਾਰ ਵਿਚ ਲੀਨ ਹੋ ਗਿਆ ਹੈ) ਐਸੇ ਲੀਨ ਹੋਏ ਮਨ ਦੀ ਦੁਬਿਧਾ ਤੇ ਕਬੁਧੀ ਦੋਵੇਂ ਆਪਣੇ ਆਪ ਦੂਰ ਹੋ ਗਈਆਂ ਹਨ। ਰਾਮ ਨਾਮ ਵਿਚ ਲਿਵ ਨਿਰੰਤਰ ਲਗ ਗਈ ਹੈ ਤੇ ਇਹ ਸਾਰੀ ਪ੍ਰਾਪਤੀ ਪ੍ਰਤੱਖ ਦਰਸ਼ਨ ਵਿਚ ਪਲਟ ਗਈ ਹੈ—

ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ ॥੪॥੪੬॥

(ਗਉੜੀ ਕਬੀਰ—੩੩੩)

ਮਹਲੇ ਚੌਥੇ ਦੇ ਸਵਈਆਂ ਵਿਚ ਆਇਆ ਹੈ—

ਜਨਕ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥
ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥ ... ॥੧੩॥ (੧੩੯੮)

ਇਥੇ ਪਰਕਰਣ ਰਾਜ ਜੋਗ ਦਾ ਚਲ ਰਿਹਾ ਹੈ। ਜਨਕ ਜੀ ਜੋਗੀ ਸਨ ਤੇ ਰਾਜੇ ਵੀ। ਜਨਕ ਇਥੇ ਰਾਜ ਜੋਗੀ ਦਾ ਪ੍ਰਤੀਕ ਹੈ।

ਸੋ ਇਥੇ ਭਾਵ ਹੈ, ਜਨਕ ਉਹੀਓ ਹੈ ਜਿਸ ਨੇ ਜਾਣ ਲਿਆ ਹੈ ਅਤੇ ਆਪਣੇ ਰੱਥ (ਬਿਰਤੀ) ਨੂੰ ਉਨਮਨਿ (ਉਚੀ ਅਵਸਥਾ ਵਿਚ) ਟਿਕਾ ਦਿਤਾ ਹੈ। ਸਤਿ ਅਤੇ ਸੰਤੋਖ ਦਾ ਇਕੱਠਾ ਵਿਵਹਾਰ ਕੀਤਾ ਹੈ ਅਤੇ ਭੁਖੇ ਮਨ ਨੂੰ ਤ੍ਰਿਪਤ ਕਰ ਲਿਆ ਹੈ।

ਇਸੇ ਤਰ੍ਹਾਂ ਮਹਲੇ ੨ ਦੇ ਸਵਈਆਂ ਵਿਚ ਭੱਟ ਕਲਸਹਾਰ ਲਿਖਦੇ ਹਨ ਕਿ ਹੇ ਗੁਰੂ ਅੰਗਦ ਦੇਵ ਜੀ, ਤੁਸੀਂ ਸਮ ਦ੍ਰਿਸ਼ਟੀ ਦੀ ਖੇਡ, ਖੇਡ ਰਹੇ ਹੋ। ਤੁਸਾਂ ਆਪਣੀ ਬਿਰਤੀ ਨੂੰ ਉਨਮਨਿ ਅਵਸਥਾ ਵਿਚ ਟਿਕਾ ਦਿਤਾ ਹੈ। ਤੁਹਾਡੀ ਲਿਵ ਨਿਰੰਕਾਰ ਵਿਚ ਟਿਕ ਗਈ ਹੈ। ਮੈਂ ਤੇਰੇ ਦਰ ਤੇ ਢਹਿ ਕੇ ਜੱਗ ਜਿਤ ਲਿਆ ਹੈ।

ਸਤਿਗੁਰੂ ਕਹਿੰਦੇ ਹਨ, ਇਸ ਉਚੀ ਅਵਸਥਾ ਤੇ ਪੁਜਣ ਲਈ ਹੱਠ ਯੋਗ ਜਾਂ ਕਿਸੇ ਹੋਰ ਕਠਨ ਸਾਧਨ ਸਾਧਣ ਦੀ ਲੋੜ ਨਹੀਂ। ਇਹ ਤਾਂ ਗੁਰੂ ਦੀ ਸ਼ਰਨ ਲੈਣ, ਗੁਰਸ਼ਬਦ ਨੂੰ ਕਮਾਣ ਤੇ ਗੁਣ ਗਾਣ ਨਾਲ ਸਹਿਜੇ



www.AKJ.Org

ਹੀ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰ ਦੀ ਮਿਹਰ ਦੇ ਸਦਕੇ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਵੱਸ ਵਿਚ ਆ ਜਾਂਦੇ ਹਨ। ਨਾਮ ਵਿਚ ਲਿਵ ਲਗ ਜਾਂਦੀ ਅਤੇ ਉਨਮਨਿ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਯਥਾ—

ਪੰਚ ਜਨਾ ਗੁਰਿ ਵਸਗਤਿ ਆਣੇ, ਤਉ ਉਨਮਨਿ ਨਾਮਿ ਲਗਾਨੀ ॥...॥੪॥੫॥
(ਸਾਰੰਗ ਮ: ੩—੧੨੦੦)

ਇਸੇ ਤਰ੍ਹਾਂ ਹੀ— ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ, ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥੨॥੪॥
(ਜੈਤਸਰੀ ਮ: ੪—੬੯੭)

ਭਗਤ ਰਵਿਦਾਸ ਜੀ ਵੀ ਇਹੋ ਗੱਲ ਕਹਿੰਦੇ ਹਨ—

ਪਰਮ ਪਰਸ ਗੁਰੁ ਭੇਟੀਐ ਪੂਰਬਿ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥੧॥ (ਗਉੜੀ ਰਵਿਦਾਸ—੩੪੬)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਇਸ ਸਾਰੀ ਖੇਡ ਨੂੰ ਇਸ ਪਰਕਾਰ ਬਿਆਨਦੇ ਹਨ—

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ, ਨਿਜ ਘਰਿ ਵਸਿਆ ਆਇ ॥
ਨਾਮੁ ਵਿਹਾਝੇ ਨਾਮੁ ਲਏ, ਨਾਮਿ ਰਹੇ ਸਮਾਇ ॥
ਧਾਵਤੁ ਥੰਮ੍ਹਿਆ ਸਤਗੁਰਿ ਮਿਲਿਐ, ਦਸਵਾ ਦੁਆਰੁ ਪਾਇਆ ॥
ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ, ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਇ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ,
ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ ॥੪॥੫॥੨॥੭॥
(ਆਸਾ ਮ: ੩ ਛੰਤ—੪੪੦-੪੧)

ਹੁਣ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਰਹਿੰਦਾ ਕਿ ਗੁਰਮਤਿ ਦਾ ਮਾਰਗ ਸਹਿਜ ਮਾਰਗ ਹੈ। ਇਸ ਵਿਚ ਸਿੱਖ ਨੂੰ ਗੁਰੂ ਦੀ ਮੱਤ ਹੀ ਲੈਣੀ ਪੈਂਦੀ ਹੈ। ਜੋ ਸਿੱਖ ਗੁਰੂ ਦੀ ਮੱਤ ਵਿਚ ਆਪਣੀ ਮੱਤ ਲੀਨ ਕਰਕੇ ਉਸ ਦੀ ਉਤਮ ਸਿਖਿਆ ਗੁਰ-ਸਬਦ ਦੀ ਰੋਸ਼ਨੀ ਵਿਚ ਗ੍ਰਹਿਣ ਕਰਦਾ ਹੈ ਉਸ ਦਾ ਮਨ ਧਾਵਣਾ (ਮਾਇਆ ਦੀ ਦੌੜ) ਛੱਡ ਕੇ ਨਾਮ ਵਿਚ ਟਿਕ ਜਾਂਦਾ ਹੈ। ਨਾਮ-ਰਤੀ ਬਿਰਤੀ ਹੁਣ ਹਉਮੈ ਦੇ ਬਜਰ ਕਿਵਾੜ ਤੋੜ ਕੇ ਸੁਤੇ ਹੀ ਦਸਮ ਦੁਆਰ ਵਿਚ ਪੁਜ ਕੇ ਉਨਮਨੀ ਅਵਸਥਾ ਦਾ ਰਸ ਮਾਣਦੀ ਹੈ। ਇਸੇ ਲਈ ਤਾਂ ਸਾਹਿਬ ਫੁਰਮਾਉਂਦੇ ਹਨ :—

ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥੬॥
(ਜਪੁਜੀ)

ਤਾਂ ਤੇ— ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥
ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥੩੪॥ (ਸਾਰੰਗ ਕੀ ਵਾਰ ਮ: ੪, ੧੨੫੦)

ਇਹ ਪੰਕਤੀਆਂ ਸਾਡਾ ਰਹਿੰਦਾ-ਖੂੰਹਦਾ ਭਰਮ ਵੀ ਮਿਟਾ ਦੇਂਦੀਆਂ ਹਨ। ਸਤਿਗੁਰੂ ਗੁਰਮਤਿ ਦਾ ਸਿਧਾਂਤ ਦ੍ਰਿੜ੍ਹਾਂਦੇ ਹੋਏ ਫੁਰਮਾਉਂਦੇ ਹਨ ਕਿ ਜਦੋਂ ਨਾਮ-ਅਭਿਆਸੀ ਗੁਰਸਿੱਖ ਦਾ ਮਨ ਨਾਮ ਵਿਚ ਲਯ ਹੋ ਜਾਂਦਾ ਹੈ ਤਾਂ ਉਸ ਦੇ ਹਿਰਦੇ ਦਾ ਕਮਲ ਪੂਰਨ ਖਿੜਾਓ ਵਿਚ ਆ ਜਾਂਦਾ ਹੈ, ਅੰਤਹਕਰਣ ਦਾ ਇਕ ਹਿੱਸਾ ਬੰਦ ਹੋ ਜਾਂਦਾ ਹੈ ਤੇ ਦੂਜਾ ਖੁਲ੍ਹ ਜਾਂਦਾ ਹੈ। ਉਪਰੋਕਤ ਵਿਚਾਰ ਇਹ ਗੱਲ ਸਪੱਸ਼ਟ ਕਰਦੀ ਹੈ ਕਿ ਇਹ ਅਵਸਥਾ ਕੇਵਲ ਯੋਗ ਸਾਧਨਾ ਦੇ ਆਸਰੇ ਹੀ ਨਹੀਂ ਉਪਜਦੀ, ਸਗੋਂ ਇਹ ਭਾਉ-ਭਗਤੀ ਦੀ ਪ੍ਰੇਮ ਸਾਧਨਾ ਦਾ



www.AKJ.Org

ਸਫਲ ਅੰਗ ਹੈ । ਸਾਹਿਬ–

"ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ"

ਆਖ ਕੇ ਇਹ ਗੱਲ ਸਾਫ ਕਰ ਦੇਂਦੇ ਹਨ ਕਿ ਉਹ ਜੋਗੀ ਜੋ ਲੋਕਾਂ ਨੂੰ ਭਰਮਾਉਣ ਲਈ ਕਪਾਲ ਜਾਂ ਸ਼ੀਰ ਆਸਨ ਆਦਿ ਲਗਾ ਕੇ ਸਿਰ ਨੂੰ ਮਿੱਟੀ ਵਿਚ ਰੋਲਦੇ ਹਨ, ਐਸੇ ਸਹਿਜ ਵਿਚ ਵਰਤ ਰਹੇ ਨਾਮ ਅਭਿਆਸੀ, ਜਿਸ ਵਿਚ ਚੜ੍ਹਦੀ ਕਲਾ ਦਾ ਖੇੜਾ ਹੈ, ਦੀ ਰੀਸ ਨਹੀਂ ਕਰ ਸਕਦੇ ।

ਗੁਰਮਤਿ ਇਹ ਹੈ ਕਿ ਗੁਰਸਿੱਖ ਗੁਰੂ ਦੀ ਸਿਖਿਆ ਨੂੰ ਧਾਰਨ ਕਰੇ, ਸੁਆਦ ਲੈ ਲੈ ਕੇ ਪ੍ਰਭੂ ਦੇ ਗੁਣ ਗਾਵੇ, ਜਿਸ ਵਿਚ ਉਸ ਦੀ ਬਿਰਤੀ ਨਾਮ ਵਿਚ ਲੀਨ ਹੋ ਜਾਵੇ ਤੇ ਗੁਰ-ਸ਼ਬਦ ਦੇ ਅਭਿਆਸ ਰਾਹੀਂ ਨਾਮ ਅੰਮ੍ਰਿਤ ਪੀ ਪੀ ਕੇ ਮਨ ਖੀਵਾ ਹੋਵੇ ਤੇ ਨਾਮ ਵਿਚ ਹੀ ਸਮਾ ਜਾਵੇ ।

ਰਸਕਿ ਰਸਕਿ ਗੁਣ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥
ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ ॥੧॥੧॥

(ਪ੍ਰਭਾਤੀ, ਬਿਭਾਸ ਮ: ੪, ੧੩੩੫)

['ਗੁਰਮਤਿ ਪ੍ਰਕਾਸ਼', ਜੂਨ ੧੯੮੨]

---

# ਸਿਖਾਂ ਨੂੰ ਕੇਸਾਧਾਰੀ ਹਿੰਦੂ ਕਹਿਣਾ ਸ਼ਰਾਰਤ–ਸੰਤ

## ਧਰਮ ਸਮੇਲਨ ਵਿਚਲੇ ਫ਼ਿਰਕੂ ਲੋਕਾਂ ਵਿਰੁਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ

ਅੰਮ੍ਰਿਤਸਰ, ੧੨ ਮਾਰਚ–ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਪ੍ਰਧਾਨ ਅਕਾਲੀ ਦਲ ਨੇ 'ਸਰਵ ਧਰਮ ਸਮੇਲਨ' ਵਿਚਲੇ ਫਿਰਕੂ ਲੋਕਾਂ ਦੀ ਉਸ ਕਾਰਵਾਈ ਦੀ ਕਰੜੀ ਅਲੋਚਨਾ ਕੀਤੀ, ਜਿਸ ਅਨੁਸਾਰ ਸਿਖਾਂ ਨੂੰ ਕੇਸਾਧਾਰੀ ਹਿੰਦੂ ਕਿਹਾ ਗਿਆ ਸੀ । ਸੰਤ ਜੀ ਇਥੇ 'ਧਰਮ ਯੁਧ' ਮੋਰਚੇ ਵਿਚ ਸਤਿਆ-ਗ੍ਰਹਿ ਕਰਨ ਲਈ ਜਾ ਰਹੇ ਵਡੇ ਜਥਿਆਂ ਨੂੰ ਵਿਦਾਇਗੀ ਦੇਣ ਲਈ ਮੰਜੀ ਸਾਹਿਬ ਵਿਖੇ ਹੋਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ । ਸੰਤ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਪਸ਼ਟ ਕੀਤਾ ਕਿ **'ਖਾਲਸਾ ਪੰਥ' ਚੌਰਾਸੀ ਦਾ ਅੰਗ ਨਹੀਂ, ਸਗੋਂ ਸੁਤੰਤਰ ਧਰਮ ਹੈ** ਅਤੇ ਇਸ ਨੂੰ ਹਿੰਦੂਆਂ ਦਾ ਹਿੱਸਾ ਕਹਿਣਾ ਜਾਂ ਸਿੰਘਾਂ ਨੂੰ "ਕੇਸਾਧਾਰੀ ਹਿੰਦੂ" ਕਹਿਣਾ ਸਿੱਖਾਂ ਦਾ ਅਪਮਾਨ ਕਰਨ ਦੇ ਤੁਲ ਹੈ । ਅਸੀਂ ਕਿਸੇ ਧਰਮ ਦੇ ਵਿਰੋਧੀ ਨਹੀਂ । ਹਰ ਇਕ ਨੂੰ ਆਪਣਾ ਧਰਮ ਮੁਬਾਰਕ । ਪਰ ਕਿਸੇ ਨੂੰ ਇਹ ਅਧਿਕਾਰ ਨਹੀਂ ਕਿ 'ਸਿੱਖਾਂ' ਨੂੰ 'ਹਿੰਦੂ' ਕਹੇ । ਇਹ ਇਕ ਸ਼ਰਾਰਤ-ਭਰੀ ਤੇ ਸਿੱਖਾਂ ਨੂੰ ਚਿੜ੍ਹਾਉਣ ਵਾਲੀ ਕਾਰਵਾਈ ਹੈ ਅਤੇ ਅਜਿਹੀਆ ਕਾਰਵਾਈਆਂ ਕਰਨ ਵਾਲੇ ਲੋਕ ਦੇਸ਼ ਤੇ ਦੇਸ਼ ਦੀ ਅਖੰਡਤਾ ਦੇ ਦੁਸ਼ਮਣ ਹਨ । ਸਰਕਾਰ ਨੂੰ ਉਨ੍ਹਾਂ ਵਿਰੁਧ ਤੁਰਤ ਕਾਰਵਾਈ ਕਰਨੀ ਚਾਹੀਦੀ ਹੈ ।

ਸੰਤ ਜੀ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਹ ਸੰਘਰਸ਼ ਉਦੋਂ ਤਕ ਨਿਰੰਤਰ ਚਲਦਾ ਰਹੇਗਾ ਜਦੋਂ ਤਕ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਅਸੀਂ ਆਪਣੇ ਹੱਕ ਪ੍ਰਾਪਤ ਨਹੀਂ ਕਰ ਲੈਂਦੇ । ਆਪ ਨੇ ਦੋਸ਼ ਲਾਇਆ ਕਿ ਕੇਂਦਰੀ ਸਰਕਾਰ ਫਿਰਕੂ ਅਧਾਰ ਉਤੇ ਪੰਜਾਬ ਨੂੰ ਕਮਜ਼ੋਰ ਕਰ ਕੇ ਪੰਜਾਬੀਆਂ ਨੂੰ ਘਸਿਆਰੇ ਬਣਾਉਣ ਤੇ ਤੁਲੀ ਹੋਈ ਹੈ । ਇਹੋ ਕਾਰਨ ਹੈ ਕਿ ਪੰਜਾਬ ਦੇ ਕੁਦਰਤੀ ਸੋਮੇ-ਜਲ 'ਦਰਿਆਵਾਂ ਦਾ ਪਾਣੀ' ਉਸ ਕੋਲੋਂ ਜ਼ਬਰਦਸਤੀ ਖੋਹਿਆ ਜਾ ਰਿਹਾ ਹੈ । ਸੰਤ ਜੀ ਨੇ ਕਿਹਾ ਕਿ ਪੰਜਾਬ ਕਿਸੇ ਦੂਸਰੇ ਸੂਬੇ ਦਾ ਹੱਕ ਨਹੀਂ ਖੋਹਣਾ ਚਾਹੁੰਦਾ, ਤੇ ਨਾ ਹੀ ਕੇਂਦਰ ਤੋਂ ਕੁਝ ਦਾਨ ਵਿਚ ਮੰਗਦਾ ਹੈ, ਪਰ ਪੰਜਾਬ ਦੇ ਹੱਕ ਤੇ ਕਿਸੀ ਨੂੰ ਛਾਪਾ ਕਦਾਚਿਤ ਨਹੀਂ ਮਾਰਨ ਦਿਤਾ ਜਾਵੇਗਾ । ਰੋਜ਼ਾਨਾ ਅਜੀਤ, ੧੩-੩-੮੩



www.AKJ.Org

# ਪੰਥਕ ਖਬਰਾਂ—ਅਖਬਾਰਾਂ ਦੀ ਜ਼ਬਾਨੀ

**—ਅੰਮ੍ਰਿਤਸਰ ਨੇੜੇ ਪੁਲਸ ਝੜਪ 'ਚ ਸੰਤ ਭਿੰਡਰਾਂ ਦਾ ਸਿੰਘ, ਪਿੰਡ ਰੋਡੇ ਦਾ ੨੨ ਸਾਲਾ ਹਰਦੇਵ ਸਿੰਘ ਮਾਰਿਆ ਗਿਆ।**

**ਸੁਭਾਨਪੁਰ ਦੀ ਘਟਨਾ**—ਨੈਸ਼ਨਲ ਨਿਊਜ਼ ਏਜੰਸੀ ਦੀ ਸੂਚਨਾ ਹੈ ਕਿ ਸੁਭਾਨਪੁਰ ਨੇੜੇ ਨੀਲੇ ਰੰਗ ਦੀ ਜੀਪ ਤੇ ਜੋ ਫਾਇਰਿੰਗ ਹੋਈ, ਉਹ ਗਲਤ ਫਹਿਮੀ ਦੀ ਬਿਨਾਅ ਤੇ ਹੋਈ। ਸਿਟੀ ਡੀ. ਐਸ. ਪੀ. ਸ: ਕਿਰਪਾਲ ਸਿੰਘ ਕਾਹਲੋਂ ਨੇ ਦਸਿਆ ਕਿ ਜ਼ਖਮੀ ਹੋਣ ਵਾਲਾ ਚੰਨਣ ਸਿੰਘ ਉਹਨਾਂ ਦੇ ਮਤਹਿਤ ਕੰਮ ਕਰ ਚੁਕਾ ਹੈ। ਉਹ ਜੀਪ ਵਿਚ ਆ ਰਿਹਾ ਸੀ ਅਤੇ ਉਸਦੀ ਜੀਪ ਦਾ ਰੰਗ ਉਸ ਜੀਪ ਨਾਲ ਮਿਲਦਾ ਜੁਲਦਾ ਸੀ ਜਿਸ ਤੋਂ ਅੰਮ੍ਰਿਤਸਰ ਨੇੜੇ ਪੁਲੀਸ ਤੇ ਫਾਇਰਿੰਗ ਕੀਤੀ ਗਈ ਸੀ। ਪੁਲੀਸ ਨੇ ਜੀਪ ਤੇ ਗੋਲੀ ਚਲਾਈ ਜਿਸ ਨਾਲ ਜ਼ਖਮੀ ਹੋ ਗਿਆ। ਰੋਜ਼ਾਨਾ ਅਜੀਤ, ੧੯-੩-੮੩

—ਮਾਨਾਂਵਾਲਾ ਅਤੇ ਸੁਭਾਨਪੁਰ ਘਟਨਾਵਾਂ ਸਬੰਧੀ ਮੁਖ ਮੰਤ੍ਰੀ ਦਾ ਬਿਆਨ ਗੁਮਰਾਹਕੁਨ ! ਪੁਲਸ ਆਪ ਮੰਨ ਚੁਕੀ ਹੈ ਕਿ ਸੁਭਾਨਪੁਰ ਪੁਲਸ ਨੇ ਧਾਰਮਿਕ ਵਿਅਕਤੀ ਤੇ ਗਲਤੀ ਨਾਲ ਗੋਲੀ ਚਲਾਈ—ਸੰਤ ਲੌਂਗੋਵਾਲ ੨੦-੩-੮੩

**—ਪੁਲਸ ਨੇ ਬਿਨਾਂ ਵਾਰਨਿੰਗ ਗੋਲੀ ਚਲਾਈ, ਜ਼ਖਮੀ ਦਾ ਬਿਆਨ—ਜੀਪ 'ਚ ਅਗ ਭੜਕ ਉਠੀ ਸੀ**

ਅੰਮ੍ਰਿਤਸਰ, ੧੯ ਮਾਰਚ—ਮਾਨਾਂਵਾਲਾ ਪੁਲਸ ਝੜਪ ਦੇ ਇਕ ਫਟੜ ਗੁਰਸੰਤ ਸਿੰਘ ਨੇ ਕਿਹਾ ਕਿ ਉਹਨਾਂ ਨੇ ਜੀਪ ਇਸ ਲਈ ਛਡੀ ਸੀ ਕਿ ਉਸ ਨੂੰ ਅਗ ਲਗ ਗਈ ਸੀ, ਕਿਉਂਕਿ ਪੁਲਸ ਨੇ ਉਸ ਵਿਚ ਅੱਗ ਲਗਾਣ ਵਾਲਾ ਮਸਾਲਾ ਸੁਟਿਆ ਸੀ ਤੇ ਉਸ ਨਾਲ ਕਪੜਿਆਂ ਨੂੰ ਅੱਗ ਲਗ ਗਈ। ਉਨ੍ਹਾਂ ਨੇ ਕਿਹਾ ਕਿ ਉਹ ਚੌਕ ਮਹਿਤਾ ਜਾਂਦੇ ਹੋਏ ਮਾਨਾਂਵਾਲਾ ਡਰੇਨ ਤੋਂ ਲੰਘਣ ਲਗਾ ਜਿਥੇ ਇਕ ਟਰੱਕ ਖੜਾ ਸੀ ਤਾਂ ਉਸ ਤੇ ਗੋਲੀਆਂ ਦੀ ਵਾਛੜ ਹੋਈ। ਇਹ ਗੋਲੀਆਂ ਸੱਜੇ ਖੱਬੇ ਤੇ ਸਾਹਮਣੇ ਤੋਂ ਆ ਰਹੀਆਂ ਸਨ। ਕੋਨੇ 'ਚ ਬੈਠਾ ਮੇਰਾ ਸਾਥੀ ਫਟੜ ਹੋ ਗਿਆ ਤਾਂ ਹਰਦੇਵ ਸਿੰਘ ਵੀ ਮੁਰਦਾ ਹਾਲਤ ਵਿਚ ਉਸ ਦੀ ਝੋਲੀ ਵਿਚ ਆ ਡਿੱਗਾ। ਸ: ਗੁਰਸੰਤ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਜੀਪ ਖੜੀ ਕਰਨ ਲਈ ਸਿਗਨਲ ਨਹੀਂ ਦਿਤਾ ਗਿਆ ਤੇ ਨਾ ਹੀ ਉਹਨਾਂ ਨੇ ਪੁਲਸ ਦੇਖੀ। ਗੋਲੀਆਂ ਉਹਨਾਂ ਦੇ ਗੋਡੇ ਅਤੇ ਹਿੱਕ ਤੇ ਲਗੀਆਂ। ਗੁਰਸੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਪਾਸ ਅਸਲਾ ਨਹੀਂ ਸੀ, ਜੇ ਹੁੰਦਾ ਤਾਂ ਪੁਲਸ ਦਾ ਵੀ ਨੁਕਸਾਨ ਹੁੰਦਾ। ੧੯-੩-੮੩

**—ਦਰਬਾਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ ਤੇ ਰੁਕਾਵਟਾਂ**

ਅੰਮ੍ਰਿਤਸਰ, ੨੨ ਮਾਰਚ—ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੁਲਿਸ ਵਲੋਂ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਰਸਤੇ ਬੰਦ ਕਰ ਦੇਣ ਦੀ ਸਖਤ ਨਿਖੇਧੀ ਕੀਤੀ ਹੈ। ਸ਼ਰੋਮਣੀ ਕਮੇਟੀ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੋ ਲੋਕ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਆਉਂਦੇ ਹਨ, ਉਹ ਨਹੀਂ ਆ ਸਕਦੇ। ਸਰਕਾਰ ਜਾਣ ਬੁਝ ਕੇ ਸਿੱਖਾਂ ਦੇ ਜਜ਼ਬਾਤ ਨਾਲ ਖੇਡ ਰਹੀ ਹੈ। ਇਸ ਤੋਂ ਪੈਦਾ ਹੋਣ ਵਾਲੇ ਸਿਟਿਆਂ ਦੀ ਸਰਕਾਰ ਆਪ ਹੀ ਜ਼ਿੰਮੇਵਾਰ ਹੋਵੇਗੀ। ਪੁਲਸ ਨੇ ਕਟੜਾ ਆਹਲੂਵਾਲੀਆ, ਚੌਕ ਘੰਟਾ ਘਰ, ਚੌਕ ਬਾਬਾ ਸਾਹਿਬ, ਚੌਕ ਪ੍ਰਾਗ ਦਾਸ, ਬਜ਼ਾਰ ਮਾਈ ਸੇਵਾਂ ਅਤੇ ਮਾਹਣਾ ਸਿੰਘ ਰੋਡ ਦੇ ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਤੇ ਲੋਹੇ ਦੇ ਗਾਰਡਰ ਗੱਡ ਕੇ ਰੋਕਾਂ ਖੜੀਆਂ ਕਰ ਦਿਤੀਆਂ ਹਨ। ਹੁਣ ਇਥੋਂ ਸਿਰਫ ਸਾਈਕਲ ਰਿਕਸ਼ਾ ਅਤੇ ਦੁਪਹੀਏ ਸਕੂਟਰ ਹੀ ਲੰਘ ਸਕਦੇ ਹਨ। ਸ਼ਰੋਮਣੀ ਕਮੇਟੀ ਨੇ ਪੰਜਾਬ ਦੇ ਰਾਜਪਾਲ ਅਤੇ ਗ੍ਰਹਿ ਸਕੱਤਰ ਨੂੰ ਲਿਖੇ ਪੱਤਰਾਂ ਵਿਚ ਕਿਹਾ ਹੈ ਕਿ ਜੇ ਸਿੱਖਾਂ ਦੇ ਜਜ਼ਬਾਤ ਨਾਲ ਖੇਡਣਾ ਬੰਦ ਨ ਕੀਤਾ ਗਿਆ ਤਾਂ ਸਰਕਾਰ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਵੀ ਇਸ ਪੁਲਸ ਕਾਰਵਾਈ ਦੀ ਨਿੰਦਾ ਕੀਤੀ ਹੈ। ਏਸੇ ਸਮੇਂ ਦਿੱਲੀ ਤੋਂ ਛਪਦੇ ਹਿੰਦੁਸਤਾਨ ਟਾਈਮਜ਼ ਨੇ ਲਿਖਿਆ ਹੈ ਕਿ ਪੰਜਾਬ ਪੁਲਸ ਆਪਣੀ ਵਿਗੜੀ ਸਾਖ ਨੂੰ ਮੁੜ ਬਹਾਲ ਕਰਨ ਲਈ ਗੁਰੂ ਨਾਨਕ ਨਿਵਾਸ ਚੋਂ ਅਤਿਵਾਦੀਆਂ ਨੂੰ ਫੜਨ ਲਈ 'ਵਡੇ ਐਕਸ਼ਨ' ਦੀ ਯੋਜਨਾ ਬਣਾ ਰਹੀ ਹੈ। ਯਾਦ ਰਹੇ ਕਿ ੧੯੫੫ 'ਚ ਜਦੋਂ ਭੀਮ ਸੈਨ ਸੱਚਰ ਮੁਖ ਮੰਤਰੀ ਸਨ ਤਾਂ ਪੁਲਸ ਪੰਜਾਬੀ ਸੂਬਾ ਮੋਰਚੇ ਦੇ ਸਬੰਧ 'ਚ ਦਰਬਾਰ ਸਾਹਿਬ 'ਚ ਦਾਖਲ ਹੋ ਗਈ ਸੀ। ਰੌਲਾ ਪੈਣ ਤੇ ਸ਼ੱਚਰ ਮੰਤਰੀ-ਮੰਡਲ ਦਾ ਵੀ ਭੋਗ ਪੈ ਗਿਆ ਸੀ। ਅਜੀਤ, ੨੩-੩-੮੩

www.AKJ.Org

# ਸੂਰਾ ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੧੩ ਪਾਠਕਾਂ ਵਲੋਂ ਡੇਢ ਡੇਢ ਸੌ ਰੁਪਏ ਅਤੇ ਆਖਰੀ ਯੂ. ਕੇ. ਦੇ ਇਕ ਪਾਠਕ ਵਲੋਂ ਸਾਢੇ ਛੇ ਸੌ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਦਾ ਨੰਬਰ ਇਸ ਪ੍ਰਕਾਰ ਹੈ। ੩੪੬੪੫੭/੧੬੮/੮੩ ਮਿਤੀ ੨੨-੩-੮੩ ਰਕਮ ੨੬੦੦/-ਰੁਪਏ ਹੈ।

J.W.O. ਪਰਦੁਮਨ ਸਿੰਘ ੬੧੧੨, ਸ: ਗੋਪਾਲ ਸਿੰਘ ਢਿਲੋਂ ੬੧੧੩, ਸ: ਮੋਹਨ ਸਿੰਘ ੬੧੧੪, ਸ: ਰੰਧੀਰ ਸਿੰਘ ਸਪੁਤਰ ਸ: ਹਰਦਿਆਲ ਸਿੰਘ ੬੧੧੫, ਡਾ: ਜਗਜੀਤ ਸਿੰਘ ਖੰਨਾ ੬੧੧੬, ਸ: ਅਵਤਾਰ ਸਿੰਘ ਗਿਲ ੬੧੧੭ ਬੀਬੀ ਸੰਤ ਕੌਰ ੬੧੧੮, ਗੁਰੂ ਨਾਨਕ ਜੂਨੀਅਰ ਕਾਲਜ ੬੧੧੯, ਸ: ਵਰਿਆਮ ਸਿੰਘ ੬੧੨੦, ਸ: ਮਨਜੀਤ ਸਿੰਘ ਕੱਕੜ ੬੧੨੧, ਸੂਬੇਦਾਰ ਮੇਜਰ ਮੇਵਾ ਸਿੰਘ ੬੧੨੨, ਸ: ਲਖਬੀਰ ਸਿੰਘ ੬੧੨੩, ਡਾ: ਗੁਰਚਰਨ ਸਿੰਘ ੬੧੨੪, ਸ: ਪ੍ਰਿਥੀਪਾਲ ਸਿੰਘ ਯੂ. ਕੇ. ੨੦੦੧/੬੧੨੫।

**ਨੋਟ**—ਸੂਰਾ ਦੇ ਨਵੇਂ ਅਮਾਨਤੀ ਲਾਈਫ ਮੈਂਬਰ, ਜਿਨ੍ਹਾਂ ਨੂੰ ਪੁਰਾਣੀਆਂ ਸੌ ਸੌ ਰੁਪਏ ਦੀਆਂ ਐਫ. ਡੀਆਂ ਦੇ ਨੰਬਰ ਅਤੇ ਚਿਟ ਨੰਬਰ ਹੇਠ ਲਿਖੇ ਦਿਤੇ ਗਏ ਹਨ। ਇਨ੍ਹਾਂ ੬ ਪਾਠਕਾਂ ਵਲੋਂ ਪੁਜੇ ਬਾਕੀ ਪੰਜਾਹ ਪੰਜਾਹ ਰੁਪਏ, ਇਸ ਮਹੀਨੇ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੁਜੇ ਪੰਜਾਹ ਪੰਜਾਹ ਰੁਪਿਆਂ ਦੇ ਨਾਲ ਹੀ ਸਾਂਝੀ ਐਫ.ਡੀ. ਵਿਚ ਸ਼ਾਮਲ ਕਰ ਦਿਤੇ ਗਏ ਹਨ।

| | | | |
|---|---|---|---|
| ੧, ਪ੍ਰਧਾਨ ਗੁਰਦਵਾਰਾ ਗੁਰੂ ਨਾਨਕ ਸਿੰਘ ਸਭਾ, ਸਿੰਦਰੀ | ਚਿਟ ਨੰ: ੩੧੯੫ | F.D. ੨੦੪੫੯੯/੧੪/੮੨ | ਮਿਤੀ ੭-੧-੮੨ |
| ੨. Lt. Col. ਬਹਾਲ ਸਿੰਘ ਪਟਿਆਲਾ | ਚਿਟ ਨੰ: ੩੨੧੫ | ੩੧੩੧੪੩/੧੫੬/੮੨ | ਮਿਤੀ ੨੪-੩-੮੨ |
| ੩. ਸ: ਉਪਕਾਰ ਸਿੰਘ ਮੇਰਠ ਕੈਂਟ | ,, ੩੨੧੭ | ੩੧੩੧੪੩/੧੫੬/੮੨ | ,, ੨੪-੩-੮੨ |
| ੪. ਸ: ਹਰਬੰਸ ਸਿੰਘ ਬਲੰਦਪੁਰ | ,, ੩੨੮੭ | ੩੪੬੧੩੨/੪੪/੮੩ | ,, ੧੯-੧-੮੩ |
| ੫. ਸ: ਪ੍ਰੀਤਮ ਸਿੰਘ ਐਮ. ਏ. ਅੰਮ੍ਰਿਤਸਰ | ,, ੩੩੨੯ | ੭੭੮੮੪੬/੧੧੦/੭੮ | ,, ੨੫-੧-੭੮ |
| ੬. ਸ: ਗੁਰਚਰਨ ਸਿੰਘ ਚਾਵਲਾ ਕਰਕੰਡ ਬਾਜ਼ਾਰ | ,, ੩੪੩੩ | ੮੮੫੨੪੫/੧੧੯੫/੭੮ | ,, ੨੦-੧੦-੭੮ |

# ਸੂਰਾ ਦੇ ਪੁਰਾਣੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੭੬ ਪੁਰਾਣੇ ਅਤੇ ੬ ਨਵੇਂ ਮੈਂਬਰਾਂ ਵਲੋਂ ਅਮਾਨਤੀ ਲਾਈਫ ਮੈਂਬਰਾਂ ਦੇ ਵਧੇ ਹੋਏ ਰੇਟ ਅਨੁਸਾਰ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਭ ਦੀ ਸਾਂਝੀ F.D. ਦਾ ਨੰਬਰ; ੩੪੬੪੫੬/੧੬੭/੮੩ ਮਿਤੀ ੨੨-੩-੮੩ ਰਕਮ ੪੧੦੦/-ਰੁਪਏ ਹੈ।

ਪ੍ਰਧਾਨ ਗੁਰਦਵਾਰਾ ਹਾਸੀਮਾਰਾ ੩੦੧੮, ੩੦੧੯,੩੦੨੦,੩੦੨੧,੩੦੨੨, ਸ: ਅਜੀਤ ਸਿੰਘ ੩੦੪੩, ਸ: ਜੋਗਿੰਦਰ ਸਿੰਘ ੩੦੬੫, J.W.O. ਜਗਜੀਤ ਸਿੰਘ ਸੈਣੀ ੩੦੬੭, ਸ: ਦਲਜੀਤ ਸਿੰਘ ੩੦ ੪, ਸ: ਤੀਰਥ ਸਿੰਘ ਸੇਠੀ ੩੦੭੫, ਸ: ਸੁਰਿੰਦਰ ਸਿੰਘ ੩੧੦੬, ਸ: ਆਗਿਆ ਸਿੰਘ ੩੧੦੯, ਸ: ਜਾਗੀਰ ਸਿੰਘ ੩੧੧੬, ਸ: ਅਤਰ ਸਿੰਘ ਈਸ਼ਰ ਸਿੰਘ ੩੧੧੮, ਸ: ਜਸਬੀਰ ਸਿੰਘ ਚੀਮਾ ੩੧੨੩, ਬੀਬੀ ਕੁਲਵੰਤ ਕੌਰ ੩੧੩੮, ਸ: ਸਰਦਾਰ ਸਿੰਘ ਬਖਸ਼ੀ ੩੧੫੩, ਸ: ਕਰਤਾਰ ਸਿੰਘ ੩੧੬੨, ਸ: ਦਲੀਪ ਸਿੰਘ ੩੧੭੯, ਡਾ: ਮਹਿੰਦਰ ਸਿੰਘ ੩੧੮੭, ਪ੍ਰਧਾਨ ਗੁਰਦਵਾਰਾ ਸਿੰਦਰੀ ੩੧੯੫, ਕੈਪਟਨ ਦਵਿੰਦਰ ਸਿੰਘ ੩੨੦੮, ਸ: ਸੰਤੋਖ ਸਿੰਘ ੩੨੦੯, ਲੈ. ਕਰਨਲ ਬਹਾਲ ਸਿੰਘ ੩੨੧੫, ਸ: ਉਪਕਾਰ ਸਿੰਘ ੩੨੧੭, ਅਨੰਦ ਮੈਡੀਕਲ ਹਾਲ ੩੨੧੯, ਗਿ: ਕਰਤਾਰ ਸਿੰਘ ੩੨੨੫, ਸ: ਅਜੀਤ ਸਿੰਘ ੩੨੩੮, ਸ: ਮਨੋਹਰ ਸਿੰਘ ਚੁੱਗਾ ੩੨੫੯, ਸ: ਇੰਦਰ ਸਿੰਘ ੩੨੭੭, ਸ: ਹਰਬੰਸ ਸਿੰਘ ੩੨੮੭, ਗਿ: ਆਤਮਾ ਸਿੰਘ ੩੨੮੮, ਐਮ. ਐਸ. ਮਰਵਾਹ ੩੨੯੫, ਸ: ਅਵਤਾਰ ਸਿੰਘ ਢਿਲੋਂ ੩੩੦੫, ਸ: ਪ੍ਰੀਤਮ ਸਿੰਘ ਐਮ. ਏ. ੩੩੨੯, Wg Com. ਐਸ. ਐਸ. ਗਿਆਨੀ ੩੩੩੪, ਸ: ਗੁਰਜੰਤ ਸਿੰਘ ੩੩੪੪, ਸ: ਚੰਨਣ ਸਿੰਘ ੩੩੮੪, ਸ: ਪਿਆਰਾ ਸਿੰਘ ੩੩੮੭, ਸ: ਨਰਿੰਦਰਬੀਰ ਸਿੰਘ ੩੩੮੯, ਸ: ਗੁਰਚਰਨ ਸਿੰਘ ਅਨੰਦ ੩੪੦੨, ਸ. ਰਘਬੀਰ ਸਿੰਘ ਪਟਵਾਰੀ ੩੪੦੮, ਸ: ਗੁਰਚਰਨ ਸਿੰਘ ਚਾਵਲਾ ੩੪੩੩, ਸ: ਤ੍ਰਿਲੋਚਨ ਸਿੰਘ ੩੪੯੭, ਕੇ. ਐਸ. ਵਧਵਾ ੩੫੦੨, ਸ: ਬਲਬੀਰ ਸਿੰਘ ੩੫੩੩, ਸ. ਤਾਰਾ ਸਿੰਘ ਬੈਂਸ ੩੫੩੫, ਸ: ਜਸਵੰਤ ਸਿੰਘ ਸ਼ਾਨ ੩੫੪੧, ਸ: ਰੰਜੀਤ ਸਿੰਘ ੩੫੫੭,ਸ: ਭੁਪਿੰਦਰ ਸਿੰਘ ੩੫੫੮, ਸ: ਨਰਭਜਨ ਸਿੰਘ ੩੫੬੫, ਸ. ਇੰਦਰ ਸਿੰਘ ੩੫੭੪, ਮਾ. ਨਿਰੰਜਨ ਸਿੰਘ ੩੫੯੦, ਮੇਜਰ ਬਰਿੰਦਰ ਸਿੰਘ ੩੬੨੧. ਸ. ਮਹਿੰਦਰ ਸਿੰਘ ਕਲਸੀ ੩੬੬੧, ਸ. ਤੇਜਿੰਦਰ ਸਿੰਘ ਡਾਇਰੈਕਟਰ ੩੬੬੨, ਸ. ਹਰਿੰਦਰ ਸਿੰਘ ਸੰਧੂ ੩੬੬੪, ਮਿਸਜ਼ ਮਹੇਂਦਰ ਸਿੰਘ ੩੬੭੬, ਸ. ਗੁਰਮੀਤ ਸਿੰਘ ੩੬੮੨, ਸ. ਤਾਰਾ ਸਿੰਘ ੩੬੯੦, ਸ: ਤੇਜਿੰਦਰ ਸਿੰਘ ਖਾਲਸਾ ੩੭੦੪, ਸ. ਮਨਮੋਹਨ ਸਿੰਘ ੩੭੧੯, ਸ. ਚਰਨਜੀਤ ਸਿੰਘ ਖਾਲਸਾ ੩੭੨੨, ਭਾ. ਮਨੋਹਰ ਸਿੰਘ ੩੭੨੮, Sgt. ਦੀਦਾਰ ਸਿੰਘ ਬੜਵਾਲ ੩੭੩੨ Wg.Com. ਇੰਦਰਜੀਤ ਸਿੰਘ ਅਹੂਜਾ ੩੭੩੮, ਸ. ਅਵਤਾਰ ਸਿੰਘ ਬਰਮੀ ੩੭੪੬, ਸ. ਹਰਬੰਸ ਸਿੰਘ ੩੭੬੭, ਸ. ਹਰਚਰਨ ਸਿੰਘ ੩੭੬੯,ਸ੍ਰੀਮਤੀ ਸੁਰਜੀਤ ਕੌਰ ੩੮੦੭, ਸ. ਅਮੋਲਕ ਸਿੰਘ ਅਮੋਲ ੩੮੨੩, ਸ. ਦਲੀਪ ਸਿੰਘ ੩੮੨੬, ਸ. ਸਰਬਪ੍ਰੀਤ ਸਿੰਘ ੩੮੩੪, ਸ. ਹਰਿੰਦਰ ਸਿੰਘ ੩੮੪੫, ਗੁਰੂ ਨਾਨਕ ਟੈਕਸਟਾਈਲ ੩੮੭੫, J.W O. ਏ. ਐਸ. ਖੁਰਾਣਾ ੩੮੭੯, ਗੁ. ਗੁਰੂ ਨਾਨਕ ਸਿੰਘ ਸਭਾ ੩੮੮੪, ਸ. ਗੁਰਬਖਸ਼ ਸਿੰਘ ਸਰਕਾਰੀਆ ੩੮੯੨; ਸ. ਜਸਪਾਲ ਸਿੰਘ ਸੋਢੀ ੩੮੯੯, ਸ. ਮਹਿੰਦਰ ਸਿੰਘ ੩੯੧੦, ਸ: ਗੁਰਨਾਮ ਸਿੰਘ ੩੯੨੭; ਸ. ਨਿਰੰਜਨ ਸਿੰਘ ੩੯੨੯—

www.AKJ.Org

## ਭੁਚੋ ਮੰਡੀ ਜ਼ਿਲਾ ਬਠਿੰਡਾ ਵਿਖੇ ਰੈਣ ਸਬਾਈ ਕੀਰਤਨ ਕੈਂਸਲ ਹੋ ਗਿਆ ਹੈ ਜੀ ।

---

## ਭਾਈ ਸਾਹਿਬ ਵਰਿਆਮ ਸਿੰਘ ਜੀ ਨਮਿਤ ਪ੍ਰੋਗਰਾਮ ਵਿਚ ਤਬਦੀਲੀ

ਸ੍ਰੀਮਾਨ ਬਾਊ ਮੱਲ ਸਿਘ ਜੀ ਦੇ ਵੱਡੇ ਭਰਾਤਾ ਭਾਈ ਸਾਹਿਬ ਵਰਿਆਮ ਸਿੰਘ ਜੀ ਦੀ ਬਰਸੀ ਸਮੇਂ ੮ ਤੋਂ ੧੦ ਦੀ ਥਾਂ ਹੁਣ ੨੨ ਤੋਂ ੨੪ ਅਪਰੈਲ ਨੂੰ ਅਖੰਡ ਪਾਠ ਉਨ੍ਹਾਂ ਦੇ ਪਿਆਰੇ ਸਪੁਤਰ ਪ੍ਰੋਫੈਸਰ ਠਾਕਰ ਸਿੰਘ ਜੀ ਦੇ ਨਿਵਾਸ ੮੫ ਲਾਰੰਸ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਣਗੇ । ਉਪਰੰਤ ਕੀਰਤਨ-ਅਖਾੜੇ ਸਜਣਗੇ ।

## ਪਿੰਡ ਈਸਰਹੇਲ ਤਸੀਲ ਸਰਹਿੰਦ ਜ਼ਿਲਾ ਪਟਿਆਲਾ ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹਿ ਵਿਖੇ ੮ ਅਪ੍ਰੈਲ ਸ਼ੁਕਰਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਪਿੰਡ ਈਸਰਹੇਲ ਲਈ ਸਰਹਿੰਦ—ਚੰਡੀਗੜ੍ਹ ਦੇ ਵਿਚਕਾਰ ਬਡਾਲੀ ਆਲਾ ਸਿੰਘ ਤੋਂ ਦੋ ਕਿਲੋਮੀਟਰ ਤੇ ਜੋੜੇ ਮੁਲਾਂ ਤੇ ਬਸ ਰੁਕਦੀ ਹੈ ।

ਦਾਸ—ਗੁਰਸ਼ਰਨ ਸਿੰਘ, ਪਿੰਡ ਈਸਰਹੇਲ ਤਸੀਲ ਸਰਹਿੰਦ

## ਪਿੰਡ ਸ਼ੰਕਰਪੁਰਾ (ਗੁਰਦਾਸਪੁਰ) ਵਿਖੇ ਕੀਰਤਨ ਰੈਣ-ਸਬਾਈ

ਪਿੰਡ ਸ਼ੰਕਰਪੁਰਾ ਵਿਖੇ ੩੦ ਅਪ੍ਰੈਲ ੧੯੮੩ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਇਹ ਪਿੰਡ ਬਟਾਲਾ, ਫਤਹਗੜ੍ਹ ਚੂੜੀਆਂ, ਅਲੀਵਾਲ ਸੜਕ ਤੇ ਹਰਚਰਨਪੁਰਾ ਅਡੇ ਤੋਂ ਇਕ ਕਿਲੋਮੀਟਰ ਹੈ । ਮੁਰਗੀ ਮਹੱਲਾ ਬਟਾਲੇ ਤੋਂ ੬-੩੦ ਸ਼ਾਮ ਟਰਾਲੀ ਚਲੇਗੀ ।

ਪੁਛ ਗਿਛ—ਭਾਈ ਗੋਪਾਲ ਸਿੰਘ ਕੜ੍ਹਾਈ ਵਾਲੇ, ਬਟਾਲਾ

## ਗੁਰਦਵਾਰਾ ਪਾ: ੯ ਭਾਗੋ ਕੇ (ਜ਼ੀਰਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਸੁਖਵਿੰਦਰ ਸਿੰਘ ਪਿੰਡ ਵਸਤੀ ਮੁੱਧ (ਮਲਾਂ ਵਾਲਾ ਖਾਸ) ਸੂਚਨਾ ਭੇਜਦੇ ਹਨ ਕਿ ਭਾਗੋਕੇ ਪਿੰਡ ਮਲਾਂ ਵਾਲਾ ਖਾਸ ਤੋਂ ਸਤ ਕਿਲੋਮੀਟਰ ਜ਼ੀਰੇ ਵਾਲੀ ਸੜਕ ਤੇ ਹੈ । ਇਸ ਪਿੰਡ ਵਿਖੇ ਨੌਵੇਂ ਪਾਤਸ਼ਾਹ ਜੀ ਦੇ ਗੁਰਦਵਾਰੇ ਵਿਖੇ ੯ ਅਪਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ ।

## ਗੁਰੂ ਕੇ ਲਾਡਲੇ ਨੌਜੁਆਨ ਢਾਡੀ ਬੱਚਿਆਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ

ਪਿਆਰੇ ਵੀਰ ਸੂਰਤ ਸਿੰਘ 'ਪੂਰਨ ਜੀ' ਤੇ ਬੀਬੀ ਭੂਪਿੰਦਰ ਕੌਰ ਜੀ ਦੇ ਹੋਣਹਾਰ ਲਾਲਾਂ ਦੀ ਯਾਦ ਵਿਚ ੮੩ ਅਜੀਤ ਨਗਰ ਅੰਮ੍ਰਿਤਸਰ ਵਿਖੇ ੮ ਤੋਂ ੧੦ ਅਪਰੈਲ ਤਕ ਸ੍ਰੀ ਅਖੰਡਪਾਠ ਹੋ ਰਹੇ ਹਨ । ੧੦ ਅਪਰੈਲ ਐਤਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ੧੦-੩੦ ਤਕ ਅਖੰਡ ਕੀਰਤਨ ਹੋਣਗੇ । ਆਇ ਦੀਦਾਰ ਬਖਸ਼ੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ ।

## ਲੁਧਿਆਣਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦਿੰਦੇ ਹਨ ਕਿ ੩੦ ਅਪ੍ਰੈਲ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਸ: ਸਰਵਣ ਸਿੰਘ ਦੀ ਵਰਕਸ਼ਾਪ, ਬਿਰਦੀ ਆਟੋ ਇੰਡਸਟਰੀ, ਰਾਮ ਸੁਆਮੀ ਰੋਡ, ਨੇੜੇ ਧੂਰੀ ਲਾਈਨ, ਲੁਧਿਆਣਾ ਵਿਖੇ ਹੋਵੇਗੀ ।

(੨) ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੨੩ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਗੁ: ਸਿਘ ਸਭਾ, ਮਾਡਲ ਟਾਊਨ ਲੁਧਿਆਣਾ ਵਿਖੇ ਹੋਵੇਗੀ । ਹਾਜ਼ਰੀਆਂ ਭਰ ਕੇ ਲਾਹੇ ਲਵੋ ਜੀ ।

## ਸ਼ਹੀਦਾਂ ਦੀ ਯਾਦ ਵਿਚ ਹੁਸ਼ਿਆਰਪੁਰ ਵਿਖੇ ਕੀਰਤਨ ਪ੍ਰੋਗਰਾਮ

੧੯੭੮ ਦੇ ਸ਼ਹੀਦ ਭਾਈ ਕੇਵਲ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹਿ ਮਹੱਲਾ ਪ੍ਰੇਮ ਗੜ੍ਹ ਹੁਸ਼ਿਆਰਪੁਰ ਵਿਖੇ ੧੦ ਅਪ੍ਰੈਲ ਐਤਵਾਰ ਸਵੇਰੇ ੮ ਤੋਂ ੧੨ ਅਖੰਡ ਕੀਰਤਨ ਉਪਰੰਤ ਸਹਿਜ ਪਾਠ ਦੇ ਭੋਗ ਪੈਣਗੇ, ਆਇ ਜੁੜੋ ਜੀ ।

ਦਾਸਰੇ—ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲਾ ਬਠਿੰਡਾ ਵਿਖੇ ਰੈਣ ਸਬਾਈ ਕੀਰਤਨ

ਸ: ਅਜੀਤ ਸਿੰਘ ਜੀ ਜੂਨੀਅਰ ਇੰਜੀਨੀਅਰ ਸੂਚਨਾ ਦਿੰਦੇ ਹਨ ਕਿ ੩੦ ਅਪਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਆਇ ਜੁੜੋ ਜੀ ।

## ਅਖੰਡ ਕੀਰਤਨ ਤੇ ਰੈਣ ਸਬਾਈ ਚੰਡੀਗੜ੍ਹ

ਸ: ਰਣਜੀਤ ਸਿੰਘ ਜਨਰਲ ਸਕਤਰ ਗੁਰਦੁਆਰਾ ਸੈਕਟਰ 15 (ਕੈਲਤ) ਚੰਡੀਗੜ੍ਹ ਸੂਚਨਾ ਦਿੰਦੇ ਹਨ ਕਿ 30 ਅਪ੍ਰੈਲ ਸਵੇਰੇ 5 ਤੋਂ 11 ਤਕ ਅਖੰਡ ਕੀਰਤਨ ਅਤੇ 30 ਅਪ੍ਰੈਲ ਸ਼ਾਮ ਨੂੰ 8—00 ਰੈਣ ਸਬਾਈ ਕੀਰਤਨ ਹੋਣਗੇ, ਦਰਸ਼ਨ ਬਖਸ਼ੋ ਜੀ ।

**ਫ਼ਰੀਦਾਬਾਦ ਸਮਾਗਮ ਤੇ ਕੰਬਲ ਗੁੰਮ**—ਭੈਣ ਭੂਪਿੰਦਰ ਕੌਰ ਜੀ ਨੇ ਸੂਚਨਾ ਭੇਜੀ ਹੈ ਕਿ ਉਨ੍ਹਾਂ ਦੇ ਨੌਨਿਹਾਲ ਬੱਚਿਆਂ ਦੇ ਸਮਾਗਮ ਸਮੇਂ ਇਕ ਮੋਟਾ ਕੰਬਲ ਡਬਲ-ਸ਼ੇਡ ਖ਼ਾਨਿਆਂ ਵਾਲਾ ਭੁਲੇਖੇ ਨਾਲ ਕਿਸੇ ਗੁਰਸਿਖ ਦੇ ਸਮਾਨ ਨਾਲ ਚਲਾ ਗਿਆ ਹੈ । ਜਿਸ ਕਿਸੇ ਨੂੰ ਪਤਾ ਲਗੇ ਉਹ ਕੰਬਲ 'ਸੂਰਾ' ਦਫਤਰ ਅੰਮਿਤਸਰ ਵਿਖੇ ਪਹੁੰਚਾ ਦੇਵੇ ਜੀ ।

www.AKJ.Org

# ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ
# 14 ਅਪ੍ਰੈਲ ਵੀਰਵਾਰ ਸਵੇਰ ਤੋਂ 17 ਅਪ੍ਰੈਲ 1983 ਸਵੇਰ ਤਕ

ਸਦਾ ਵਾਂਗ ਸ਼ਹੀਦਾਂ ਦੀ ਯਾਦ ਮਨਾਂਦਿਆਂ ਖਾਲਸੇ ਦੇ ਜਨਮ-ਦਿਨ ਵੈਸਾਖੀ ਉਤੇ ਨਾਮ ਬਾਣੀ ਵਿਚ ਜੁੜਨ ਲਈ ਸ੍ਰੀ ਅਖੰਡਪਾਠ ਤੋਂ ਉਪਰੰਤ ਕੀਰਤਨ ਸਮਾਗਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ। ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ ਸਰੋਵਰ ਵਿਚ ਚੁਭੇ ਲਾਉਣ ਲਈ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਹੁਮ-ਹੁਮਾ ਕੇ ਆਇ ਦੀਦਾਰ ਬਖਸ਼ੋ ਜੀ।

੧੪ ਅਪ੍ਰੈਲ ਸਵੇਰੇ ੫-੦੦ ਤੋਂ ੧੨-੩੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਸ਼ਹੀਦਾਂ ਦੇ ਅਸਥਾਨ ਗੁ. ਰਾਮਸਰ ਸਾਹਿਬ ਦੇ ਸਾਹਮਣੇ

['ਕੀਰਤਨ ਉਤਸ਼ਾਹਤ ਪ੍ਰੋਗਰਾਮ' ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੀ ਹਾਜ਼ਰੀ ੧੪ ਸਵੇਰੇ ਕੀਰਤਨ ਅਰੰਭ ਤੋਂ ਪਹਿਲਾਂ ਜ਼ਰੂਰੀ ਹੈ।]

ਸ਼ਾਮ ੫-੦੦ ਤੋਂ ੮-੩੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ ਸ਼ਹੀਦਾਂ ਦੇ ਅਸਥਾਨ ਗੁ. ਰਾਮਸਰ ਸਾਹਿਬ ਦੇ ਸਾਹਮਣੇ

**14 ਅਪ੍ਰੈਲ ਵੈਸਾਖੀ ਵਾਲੀ ਸ਼ਾਮ ਨੂੰ ਅੰਮ੍ਰਿਤ ਸਿੰਚਾਰ ਸਮਾਗਮ** ਸ੍ਰੀ ਗੁਰੂ ਰਾਮਦਾਸ ਖਾ: ਹਾ: ਸੈ: ਸਕੂਲ ਵਿਖੇ

੧੫ ਅਪ੍ਰੈਲ ਸਵੇਰੇ ੫-੦੦ ਤੋਂ ੯-੦੦ ਕੀਰਤਨ ਆਸਾ ਦੀ ਵਾਰ, ਉਪਰੰਤ ਅਨੰਦ ਕਾਰਜ ਸ਼ਹੀਦਾਂ ਦੇ ਅਸਥਾਨ ਵਿਖੇ
੧੨-੩੦ ਦੁਪਹਿਰ ਤਕ ਅਖੰਡ ਕੀਰਤਨ ਦੀਵਾਨ ਸਜਣਗੇ।

ਸ਼ਾਮ ੫-੦੦ ਤੋਂ ੮-੩੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ ਗੁਰਦਵਾਰਾ ਪਿਪਲੀ ਸਾਹਿਬ (ਪੁਤਲੀ ਘਰ)

੧੬ ਅਪ੍ਰੈਲ ਸਵੇਰੇ ੫-੦੦ ਤੋਂ ੧੨-੩੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਗੁਰਦਵਾਰਾ ਲੋਹਗੜ੍ਹ ਸਾਹਿਬ ਵਿਖੇ।

ਸ਼ਾਮ ੭-੦੦ ਸੋਦਰ ਦੀ ਚੌਕੀ ਤੋਂ ਉਪਰੰਤ ਕੀਰਤਨ ਰੈਣ ਸਬਾਈ ਡੇਢ ਵਜੇ ਤਕ ਗੁ. ਮੰਜੀ ਸਾਹਿਬ ਹਾਲ।

["ਕੀਰਤਨ ਉਤਸ਼ਾਹਤ ਪ੍ਰੋਗਰਾਮ" ਵਾਲੇ ਬੱਚਿਆਂ ਨੂੰ ਇਨਾਮ ਤੇ ਸਨਮਾਨ ਰਾਤ ੧੦ ਵਜੇ]

੧੭ ਅਪ੍ਰੈਲ ਸਵੇਰੇ ੨-੧੫ ਤੋਂ ੬-੧੫ ਤ੍ਰਿਪਹਿਰੇ ਤੇ ਆਸਾ ਦੀ ਵਾਰ ਦੀ ਚੌਕੀ ਸ੍ਰੀ ਹਰਿਮੰਦਰ ਸਾਹਿਬ ਵਿਖੇ।

ਨੋਟ: (੧) ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਉ ਜੀ। (੨) ਰਿਹਾਇਸ਼ ਗੁਰੂ ਰਾਮਦਾਸ ਖਾ: ਹਾ: ਸੈ: ਸਕੂਲ ਵਿਖੇ ਹੋਵੇਗੀ।

ਪੁਛ ਗਿਛ: 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ ਫੋਨ ੫੧੮੨੭ ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਅੰਮ੍ਰਿਤਸਰ

---

## ਸ੍ਰੀ ਪਾਉਂਟਾ ਸਾਹਿਬ ਵਿਖੇ ੧੩ ਤੋਂ ੧੫ ਮਈ ਤਕ ਕੀਰਤਨ ਸਮਾਗਮ

ਭਾਈ ਸਾਹਿਬ ਮੋਹਰ ਸਿੰਘ ਜੀ ਪ੍ਰਸਿਧ ਕੀਰਤਨੀਏ ਦਿਲੀ ਤੋਂ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਪਾਉਂਟਾ ਸਾਹਿਬ ਵਿਖੇ ਕੀਰਤਨ-ਪ੍ਰੋਗਰਾਮ ਹੋ ਰਹੇ ਹਨ। ਵੇਰਵਾ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

ਭਾਈ ਗੁਰਨਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ ਯੂ. ਕੇ. ਰੈਡਿੰਗ ਤੋਂ ਹੇਠ ਲਿਖੇ ਪ੍ਰੋਗਰਾਮ ਭੇਜਦੇ ਹਨ—

### (1) ਵੈਸਾਖੀ ਪੁਰਬ ਤੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ—

ਰੈਣ ਸਬਾਈ 23-4-83 ਅਰੰਭ ਸ਼ਾਮ 7 ਵਜੇ, ਭੋਗ 24-4-83 ਐਤਵਾਰ ਸਵੇਰੇ 6 ਵਜੇ। ਸ਼ਨੀਵਾਰ ਰਾਤ ਨੂੰ ਅੰਮ੍ਰਿਤ-ਸਿੰਚਾਰ। ਗੁਰਦਵਾਰਾ ਗੁਰੂ ਗੋਬਿੰਦ ਸਿੰਘ ਸਿਖ ਟੈਂਪਲ, Malbern St., off Leed Rd., Bradford-3 ਫੋਨ: 0274-727928 ਪੁਛ ਗਿਛ—ਬੀਬੀ ਸੁਖਜਿੰਦਰ ਕੌਰ, ਫੋਨ 0274—487081

### (2) ਰੈਣ ਸਬਾਈ ਕੀਰਤਨ ਤੇ ਸ਼ੁਭ ਅਨੰਦ ਕਾਰਜ—

ਰੈਣ ਸਬਾਈ 28-5-83 ਅਰੰਭ ਅਤੇ ਐਤਵਾਰ 29-5-83 ਸਵੇਰੇ 6 ਵਜੇ ਭੋਗ, ਉਪਰੰਤ ਅਨੰਦ ਕਾਰਜ ਸੈਂਟਰਲ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, 138-ਬਾਰਕਲੇ ਸਟਰੀਟ, ਗਲਾਸਗੋ-G.-3 ਵਿਖੇ, ਫੋਨ 041-221-6693 ਪੁਛ ਗਿਛ—ਬੀਬੀ ਮਨਮੋਹਨ ਕੌਰ ਫੋਨ 041-339-7080।

(3) ਲੋਕਲ ਪ੍ਰੋਗਰਾਮ ਸ੍ਰੀ ਅਖੰਡਪਾਠ 7 ਤੋਂ 9 ਅਪ੍ਰੈਲ 1983; ਭਾਈ ਰਾਮ ਸਿੰਘ ਜੀ (ਖਜ਼ਾਨਚੀ ਅਖੰਡ ਕੀਰਤਨੀ ਜਥਾ) 12-A, The Grove, Gravesend, Kent-U. K, ਫੋਨ 0474-25016

www.AKJ.Org